# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਰਸਾਲਾ

ਅੰਕ 12 ਸਾਲ ਛੇਵਾਂ ਦਸੰਬਰ, 1994



# ਅੰਮ੍ਰਿਤ ਕੀਰਤਨ


ਅੰਕ 12 ਸਾਲ ਛੇਵਾਂ ਦਸੰਬਰ, 1994



**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ



**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 24660



**ਚੰਦੇ ਦਾ ਵੇਰਵਾ**
ਇਕ ਕਾਪੀ 10 ਰੁਪਏ
ਦੇਸ਼ ਸਲਾਨਾ 100 ਰੁਪਏ
ਜੀਵਨ ਮੈਂਬਰ 1000 ਰੁਪਏ
ਵਿਦੇਸ਼ ਸਲਾਨਾ 1000 ਰੁਪਏ
ਜੀਵਨ ਮੈਂਬਰ 10000 ਰੁਪਏ



1] ਭਲੋ ਭਲੋ ਰੇ ਕੀਰਤਨੀਆਂ 1
—ਦਵਿੰਦਰ ਸਿੰਘ ਵਿਦਿਆਰਥੀ

2] ਸ੍ਰੀ ਹਰਿਮੰਦਰ ਸਾਹਿਬ ਦੇ ਰਾਗੀਆ ਰਬਾਬੀਆਂ ਦਾ ਹਾਲ 13
—ਗਿਆਨੀ ਗਿਆਨ ਸਿੰਘ

3] ਦਰਬਾਰ ਸਾਹਿਬ ਦੇ ਰਾਗੀਆ ਰਬਾਬੀਆਂ ਦਾਂ ਵੇਰਵਾ 15

4] ਧਾਰਮਿਕ ਦੀਵਾਨਾਂ ਵਿਚ ਸੁਧਾਰ ਦੀ ਲੋੜ 17
—ਡਾ ਮਾਨ ਸਿੰਘ ਨਿਰੰਕਾਰੀ

5] ਤੁਹਾਡੇ ਪੱਤਰ 25

6] ਦਿਲਬਾਗ ਸਿੰਘ ਗੁਲਬਾਗ ਸਿੰਘ ਦੀ ਕਲਾਸਿਕੀ ਮਹਿਫਲ 26
—ਗੁਰਮੀਤ ਸਿੰਘ

7] ਨੌਵੇ ਪਿਤਾ ਦੀ ਸ਼ਹਾਦਤ ਦਾ ਮੰਜਿਰ 28
—ਹਰਜਾਪ ਸਿੰਘ


**ਬੇਨਤੀ**

ਅਤਿ ਦੀ ਮਹਿੰਗਾਈ ਕਾਰਨ ਚੰਦਿਆਂ ਵਿਚ ਵਾਧਾ ਕਰਨਾ ਪਿਆ ਹੈ। ਹੁਣ ਨਵੇਂ ਰੇਟਾਂ ਅਨੁਸਾਰ ਚੰਦੇ ਭੇਜਣ ਦੀ ਕਿਰਪਾ ਕਰਨੀ।


**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

# ਭਲੋ ਭਲੋ ਰੇ ਕੀਰਤਨੀਆਂ !

**ਦਵਿੰਦਰ ਸਿੰਘ ਵਿਦਿਆਰਥੀ**

ਈਸ਼ਵਰ ਨੂੰ ਸਾਰੇ ਸੰਸਾਰ ਦਾ ਸਾਂਝਾ ਪਿਤਾ ਕਿਹਾ ਜਾਂਦਾ ਹੈ, ਪਰ ਸਾਰੇ ਸੰਸਾਰ ਵਿਚ ਕੁਝ ਲੋਕ ਇਸ ਸਾਂਝੇ ਪਿਤਾ ਦੀਆਂ ਸੰਤਾਨਾਂ ਦੇ ਖਿਡਾਵੇ ਬਣ ਕੇ ਪਿਤਾ ਨਾਲ ਮਿਲਣ ਦੇ ਅਦਬ-ਅਦਾਬ ਦੀ ਜਾਣਕਾਰੀ ਦੱਸਣ ਅਤੇ ਮਿਲਾਪ ਕਰਾਉਣ ਦੇ ਬਹਾਨੇ ਆਪਣੀ ਚੰਗੀ ਕੁੱਲੀ ਗੁੱਲੀ ਜੁੱਲੀ ਦੀ ਫਿਕਰ ਵਿੱਚ ਗਲਤਾਨ ਰਹਿੰਦੇ ਹਨ। ਇਨ੍ਹਾਂ ਦੇ ਭਾਈਚਾਰੇ ਨੂੰ ਪੁਜਾਰੀਆਂ ਪੁਰੋਹਿਤਾਂ ਦਾ ਭਾਈਚਾਰਾ ਕਿਹਾ ਜਾਂਦਾ ਹੈ। ਵੇਦ-ਕਾਲ ਤੋਂ ਹੀ ਇਸ ਭਾਈਚਾਰੇ ਨਾਲ ਸਮੂਹ ਭਾਈਚਾਰੇ ਨੂੰ ਸ਼ਿਕਵੇ ਰਹੇ ਹਨ। ਬਦਕਿਸਮਤੀ ਨਾਲ ਇਸ ਭਾਈਚਾਰੇ ਨੇ ਆਪਣੀ ਕਲਾਤਮਕ ਸੁਘੜਤਾ ਸਹਾਰੇ ਕੀਰਤਨ ਦੇ ਖੇਤਰ ਵਿੱਚ ਵੀ ਪੈਰ ਪਸਾਰ ਲਏ ਸਨ, ਗੁਰ-ਮਤ ਨੇ ਪੰਡਾ-ਪੁਰੋਹਿਤ-ਵਾਦ ਤੋਂ ਸਮਾਜ ਦਾ ਪਿੰਡ ਛੁਡਵਾਉਣ ਦਾ ਬਾਨ੍ਹਣੂ ਬੰਨ੍ਹਿਆ ਸੀ।

ਵੇਦ-ਕਾਲ ਤੋਂ ਹੀ ਛੱਤ੍ਰੀਆਂ ਵਿੱਚ ਕੁਝ ਅਜਿਹੇ ਪਰਿਵਾਰ ਉੱਭਰੇ ਜਿਨ੍ਹਾਂ ਯੱਗ-ਹੋਮ ਅਤੇ ਯੱਗ-ਯਾਗ ਨਾਲ ਸੰਬੰਧਿਤ ਕ੍ਰਿਯਾਵਾਂ ਨੂੰ ਸਿੱਖ ਕੇ ਆਪ ਆਪਣੇ ਯੱਗ-ਹੋਮ ਕਰਨੇ ਆਰੰਭ ਦਿੱਤੇ ਸਨ। ਜਨਮੇਜੇ ਦੇ ਨਾਗ-ਦਮਨ ਯੱਗ ਦਾ ਪੁਰੋਹਿਤ ਜਨਮੇਜਾ ਆਪ ਹੀ ਸੀ। ਕੋਈ ਬ੍ਰਾਹਮਣ ਉਸ ਦਾ ਯੱਗ ਕਰਵਾਉਣ ਲਈ ਰਾਜ਼ੀ ਹੁੰਦਾ, ਇਸ ਦੀ ਸੰਭਾਵਨਾ ਸੋਚੀ ਵੀ ਨਹੀਂ ਜਾ ਸਕਦੀ। ਮੁੜ-ਜਾਗ੍ਰਣ ਕਾਲ ਵਿੱਚ ਕਰਤਾਰ ਅਤੇ ਸਾਧਾਰਣ ਮਨੁੱਖ ਵਿਚਕਾਰ ਸਿੱਧੇ ਸੰਬੰਧਾਂ ਦੀ ਰੀਤ ਟੁੱਟ ਗਈ। ਵਰਣ-ਵਾਦ ਦੇ ਉਭਾਰ ਨੇ ਮੁੜ ਵਿਚੋਲਿਆਂ ਦੀ ਪੈਜ ਬਣਾ ਦਿੱਤੀ। ਸੁਲਤਾਨੀ ਯੁਗ ਵਿੱਚ ਜਿਹੜੇ ਭਾਟ-ਚਾਰਣ ਕਿਸੇ ਕਾਰਣ ਮੁਸਲਮਾਨ ਬਣ ਜਾਣ ਉੱਤੇ ਮਜਬੂਰ ਹੋ ਗਏ ਹਿੰਦੂ ਭਾਈਚਾਰੇ ਉਨ੍ਹਾਂ ਦਾ ਸਮਾਜ ਵਿੱਚੋਂ ਦਰਜਾ ਹੋਰ ਘਟਾ ਦਿੱਤਾ।

ਅੱਧਾ ਤਿੱਤਰ ਅੱਧਾ ਬਟੇਰ ਬਣ ਕੇ ਰਹਿ ਜਾਣ ਵਾਲੇ ਇਨ੍ਹਾਂ ਲੋਕਾਂ ਨੇ ਭਗਤੀ-ਕਾਲ ਦੇ ਦਿਨਾਂ ਵਿੱਚ ਆਪਣਾ ਮੁੜ ਵਸੇਬਾ ਭਾਲਣ ਲਈ ਕੀਰਤਨ ਆਦਿ ਕਾਰਜਾਂ ਨੂੰ ਅਪਣਾ ਕੇ ਆਪਣਾ ਨਿਰਬਾਹ ਕਰਨਾ ਅਰੰਭ ਦਿੱਤਾ। ਸਮਾਜ ਇਨ੍ਹਾਂ ਨੂੰ ਡਮ-ਚੰਡਾਲਾਂ ਨਾਲ ਮੇਚਦਾ ਸੀ। ਇਨ੍ਹਾਂ ਨੇ ਰਾਗ ਦਾ ਪੱਲਾ ਫੜਿਆ ਅਤੇ ਭਜਨ ਗਾ ਕੇ ਆਪਣਾ ਨਿੱਤ ਜੀਵਨ ਬਿਤਾਣ ਲੱਗੇ। ਗੁਰਬਾਣੀ-ਕੀਰਤਨ ਉਨ੍ਹਾਂ ਲਈ ਨਵਾਂ ਖੇਤਰ ਸੀ, ਕਿਉਂਕਿ ਮੰਦਰਾਂ ਵਿੱਚ ਉਹਨਾਂ ਨੂੰ ਕੋਈ ਢੋਈ ਨਹੀਂ ਸੀ ਦਿੰਦਾ। ਗੁਰੂ ਨਾਨਕ ਮਰਦਾਨੇ ਰਬਾਬੀ ਨੂੰ ਆਪਣੇ ਨਾਲ ਰੱਖਣ ਲੱਗਾ ਤਾਂ ਰਬਾਬੀਆਂ ਢਾਡੀਆਂ ਦਾ ਵੀ ਮੁੱਲ ਪਿਆ। ਪਰ, ਜਦੋਂ ਕਿਸੇ ਚੀਜ਼ ਦਾ ਮੁੱਲ ਪੈਣ ਲੱਗ ਪਵੇ ਉਸ ਵਿੱਚ ਵੱਧ ਖੱਟੀ ਦੀ ਭਾਵਨਾ ਆਉਣ ਲੱਗਦੀ ਹੈ। ਸੱਤੇ-ਬਲਵੰਡ ਜਿਹੇ ਇਸੇ ਪ੍ਰਭਾਵ ਦਾ ਫਲ ਸਨ।

ਸਮਾਜਿਕ ਪੱਧਰ ਉੱਤੇ ਰਬਾਬੀਆਂ ਦਾ ਕੀਰਤਨ ਦੀ ਸੇਵਾ ਵਿੱਚ ਸ਼ਾਮਿਲ ਕੀਤਾ ਜਾਣਾ ਇੱਕ ਇਨਕਲਾਬੀ ਕਦਮ ਕਿਹਾ ਜਾ ਸਕਦਾ ਹੈ। ਇਹ ਲੋਕ ਇਸਲਾਮ ਧਾਰਨ ਕਰਨ ਪਿੱਛੋਂ ਇੱਕ ਕੁੜਿੱਕੀ ਵਿੱਚ ਫ਼ਸ ਗਏ ਹੋਏ ਸਨ। ਇਸਲਾਮ ਵਿੱਚ ਇਨ੍ਹਾਂ ਦੇ ਰਾਗ-ਗਿਆਨ ਦੀ ਕੋਈ ਵਰਤੋਂ ਨਹੀਂ ਹੋ ਸਕਦੀ ਸੀ ਕਿਉਂਕਿ ਰਾਗ ਇਸਲਾਮ ਵਿੱਚ ਹਰਾਮ ਸੀ। ਸਿਵਾਏ ਗਿਣਤੀ ਦੇ ਸੂਫ਼ੀ ਫਕੀਰਾਂ ਦੇ ਸਮਾਜ ਅਤੇ ਕੱਵਾਲੀ ਦੀ ਮਹਿਫਲ ਜਿਸ ਖੇਤਰ ਵਿਚ ਮੁਲ ਪਾ ਸਕਦੀ ਸੀ, ਉਹ ਸਾਧਾਰਣ ਰਬਾਬੀ ਲਈ ਸ਼ਾਇਦ, ਵਰਜਿਤ ਬਹਿਸ਼ਤ ਸੀ। ਹਿੰਦੂ ਸਿਵਾਏ ਖਾਸ ਮੌਕਿਆਂ ਦੇ ਇਹਨਾਂ ਨੂੰ ਨੇੜੇ ਲਾਉਣ ਨੂੰ ਤਿਆਰ ਨਹੀਂ ਸਨ, ਅਜਿਹੇ ਮੌਕੇ ਬਹੁਤੇ ਨਹੀਂ ਸਨ ਹੋ ਸਕਦੇ ਅਤੇ ਤਦ ਵੀ ਇਹਨਾਂ ਨਾਲ ਅਛੂਤਾਂ ਵਾਲਾ ਸਲੂਕ ਹੁੰਦਾ ਸੀ।

ਗੁਰੂ ਦਰਬਾਰ, ਸਿੱਖ ਸੰਸਥਾਨਾਂ ਅਤੇ ਟਿਕਾਣਿਆਂ ਵਿੱਚ ਵੀ ਰੁਜ਼ਗਾਰ ਦੇ ਮੌਕੇ ਗੇਣਵੇਂ ਸਨ। ਰਬਾਬੀਆਂ ਦਾ ਇਸ ਸੰਕੋਚਵੀਂ ਗਿਣਤੀ ਵਿੱਚ ਭੀ ਸੰਗਤ ਵਿੱਚ ਰਲ ਬੈਠਣ ਦਾ ਅਧਿਕਾਰ, ਇਕ ਪ੍ਰਾਪਤੀ ਤੋਂ ਘੱਟ ਨਹੀਂ ਸੀ, ਸਮਝਿਆ ਜਾ ਸਕਦਾ। ਗੁਰੂ-ਦਰਬਾਰ ਵਿੱਚ ਲੰਗਰ-ਪਾਣੀ ਅਤੇ ਲੋੜ ਜੋਗਾ ਲੀੜਾ ਕਪੜਾ ਚੰਗਾ ਅਤੇ ਖੁੱਲਾ ਮਿਲ ਜਾਂਦਾ ਸੀ, ਪਰ ਮਾਇਆ ਦੇਣ ਦੀ ਰੀਤ ਨਹੀਂ ਸੀ। ਗੁਰੂ ਜੀ ਲੋੜ ਸਮੇਂ ਆਰਥਿਕ ਸਹਾਇਤਾ ਕਰਦੇ ਰਹਿੰਦੇ ਸਨ ਪਰ ਬੱਝਵਾਂ ਅਸਾਸਾ ਦੇਣਾ ਸਿੱਖ ਚਿੰਤਨ ਦੇ ਅਨੁਕੂਲ ਨਹੀਂ ਸੀ। ਸਿੱਖ-ਚਿੰਤਨ ਨੂੰ ਗੁਰੂ ਸਾਹਿਬ ਜਿਸ ਢਾਂਚੇ ਵਿੱਚ ਢਾਲ ਰਹੇ ਸਨ, ਉਸ ਵਿੱਚ ਧਰਮ-ਕਾਰਜ ਦੀ ਕਿਸੇ ਸੇਵਾ ਦਾ ਮੁਆਵਜ਼ਾ ਦੇਣ ਲੈਣ ਦੀ ਆਗਿਆ ਨਹੀਂ ਸੀ ਮਤਾਂ ਇਹ ਪੰਡਾ-ਵਾਦ ਦਾ ਬੀਜ ਬਣ ਉੱਗੇ।

ਬਲਵੰਡ ਕਿਆਂ ਦੇ ਬਿਉਹਾਰ ਨੇ ਇਸ ਸਮੱਸਿਆ ਦੇ ਕਈ ਪੱਖ ਉਜਾਗਰ ਕਰਵਾਏ ਅਤੇ ਉਨ੍ਹਾਂ ਦੇ ਸਮਾਧਾਨ ਵੱਲ ਪ੍ਰੇਰਿਆ। ਕੀਰਤਨੀਆਂ ਨੂੰ ਸਖਤ ਹਦਾਇਤਾਂ ਸਨ ਕਿ ਉਹ ਕਿਸੇ ਸਿੱਖ ਪਾਸੋਂ ਕੀਰਤਨ ਦੀ ਸੇਵਾ ਦੇ ਬਦਲੇ ਕੁਝ ਨਾ ਕੁਝ ਮੰਗ ਕੇ ਲੈਣ ਅਤੇ ਨਾ ਕਾਰਮ (ਮੁਆਵਜ਼ੇ ਦੇ ਰੂਪ ਵਿੱਚ ਪਹਿਲੇ ਤੇ ਕਰਕੇ) ਕੇ ਹੀ ਲੈਣ, ਕਿਸੇ ਸਿੱਖ ਨੂੰ ਇਹ ਮਨਾਹੀ ਨਹੀਂ ਸੀ ਕਿ ਉਹ ਰਬਾਬੀ ਨੂੰ ਕੀਰਤਨ ਦੀ ਪ੍ਰਸੰਸਾ ਵਜੋਂ ਕੁਝ ਨਾ ਦੇਵੇ। ਇਹ ਵੀ ਨਾਲ ਹੀ ਜ਼ਰੂਰੀ ਨਹੀਂ ਸੀ ਕਿ ਕੀਰਤਨੀਏ ਨੂੰ ਹਰ ਸਿੱਖ (ਪੁਰਖ ਅਤੇ ਇਸਤਰੀ) ਕੁਝ ਨ ਕੁਝ ਨਕਦੀ ਦੇ ਕੇ ਹੀ ਜਾਵੇਗਾ, ਭਾਵੇਂ ਆਮ ਰੀਤ ਇਹੋ ਸੀ ਕਿ ਹਰ ਸਿੱਖ ਕੁਝ ਨਾ ਕੁਝ ਨਕਦ ਭੇਟ ਕਰਕੇ ਜਾਣਾ ਆਪਣਾ ਫ਼ਰਜ ਸਮਝਦਾ ਸੀ।

ਜੋ ਸਮੱਸਿਆ ਅਤੇ ਘਟਨਾਵਾਂ ਬਲਵੰਡ ਅਤੇ ਸੱਤੇ ਦੇ ਰਾਹ ਵਿੱਚ ਪੇਸ਼ ਆਈਆਂ, ਇਹ ਕੁਝ ਵਿਸ਼ੇਸ਼ ਨਹੀਂ, ਸਹਿਜ ਸੁਭਾਵੀ ਨਿਤ ਵਿਉਹਾਰ ਵਿੱਚ ਪੇਸ਼ ਆਉਂਦੀਆਂ ਘਟਨਾਵਾਂ ਹੀ ਸਨ। ਪਰ, ਇਹ ਅਜਿਹੀਆਂ ਘਟਨਾਵਾਂ ਸਨ ਜਿਨ੍ਹਾਂ ਨੇ ਕੀਰਤਨੀਆਂ ਦੇ ਸਹਿਜ ਬਿਉਹਾਰ ਨੂੰ ਇੱਕ ਵਿਸ਼ੇਸ਼ ਪ੍ਰਕਾਰ ਦਾ ਸੰਜਮ (discipline) ਸਿਖਾਇਆ। ਇਹ ਸੰਜਮ ਕੀਰਤਨੀਆਂ ਦੀ ਮਾਨਸਿਕਤਾ, ਉਨ੍ਹਾਂ ਦੇ ਸਮਾਜਿਕ ਰੁਤਬੇ ਅਤੇ ਨਿਰਬਾਹ ਦੇ ਆਰਥਿਕ ਪੱਖ ਦੀਆਂ ਗੁੰਝਲਾਂ ਉਭਾਰ ਕੇ ਇੱਕ ਬਿਉਹਾਰ ਸੰਹਿਤਾ ((Code of

Conduct) ਦੀ ਉਸਾਰੀ ਦਾ ਅਵਸਰ ਜੁਟਾਇਆ। ਇਹ ਸੰਹਿਤਾ ਉਹੀ ਸੀ ਜਿਸ ਦੇ ਬੁਨਿਆਦੀ ਸੰਕਲਪਾਂ ਬਾਰੇ ਅਸੀਂ ਉੱਪਰ ਜ਼ਿਕਰ ਕੀਤਾ ਹੈ। ਉਹਨਾਂ ਸਥਿਤੀਆਂ ਵਿੱਚ ਇਹੋ ਵਾਜਿਬ ਸੀ।

ਭਗਤ-ਰਤਨਾਵਲੀ ਵਿੱਚ ਭਾਈ ਗੁਰਦਾਸ ਦੀ ਗਿਆਰ੍ਹਵੀਂ ਵਾਰ ਦੀ ਅਠਾਰਵ੍ਹੀ ਪਉੜੀ ਦੀ ਵਿਆਖਿਆ ਵਿੱਚ ਲਿਖਿਆ ਹੈ:

> ਝਾਜੂ, ਮੁਕੰਦੂ ਤੇ ਕਿਦਾਰਾ ਗੁਰੂ ਅਰਜਨ ਜੀ ਦੇ ਹਜ਼ੂਰ ਆਏ: 'ਗਰੀਬ ਨਿਵਾਜ! ਸਾਡਾ ਉੱਧਾਰ ਕਯੋਂ ਕਰ ਹੋਵੇਗਾ? ਤਾਂ ਬਚਨ ਹੋਇਆ ਤੁਸਾਂ ਨੂੰ ਰਾਗ ਦੀ ਸਮਝ ਹੈ ਤੇ ਕਲਿਯੁਗ ਵਿੱਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ। ਇਹ ਸਾਤਕੀ ਸਾਧਨ ਹੈ। ਤੁਸੀਂ ਕੀਰਤਨ ਕੀਤਾ ਕਰੋ।—ਤਾਂ ਉਹ ਸਦਾ ਨਿਹਕਾਮ ਹੋ ਕੇ ਹਜ਼ੂਰ ਕੀਰਤਨ ਕੀਤਾ ਕਰਣ ਅਤੇ ਸਰੀਰ ਦੇ ਨਿਰਵਾਹ ਅਨੁਸਾਰ ਕੋਈ ਸਿੱਖ ਸ਼ਰਧਾ ਸੰਜੁਗਤ ਸੇਵਾ ਕਰੇ ਉਸੇ ਥੀਂ ਗੁਜ਼ਾਰਾ ਕਰਣ।...

ਇਸ ਟੂਕ ਤੋਂ ਸਮੇਂ ਦੀ ਸੋਚਣੀ ਦਾ ਪ੍ਰਤੱਖ ਦਰਸ਼ਨ ਹੋ ਜਾਂਦਾ ਹੈ।

ਧਰਮ-ਚੇਤਨਾ ਦੇ ਖੇਤਰ ਵਿੱਚ, ਜਨ-ਸਾਧਾਰਣ ਦੀ ਮੋਟੀ ਠੁੱਲ੍ਹੀ ਸੂਝ ਅਨੁਸਾਰ, ਉਹ ਯੁੱਗ: ਯੱਗ, ਯੋਗ ਜਾਂ ਯਾਚਨਾ ਦਾ ਯੁੱਗ ਸੀ। ਪੰਜਾਬ ਵਿੱਚ ਵਿਚਰਦੀਆਂ ਨਜ਼ਰ ਆਉਂਦੀਆਂ ਸਨ। ਕੁਝ ਚਤੁਰ ਸੂਝਵਾਨਾਂ ਦੀ ਸਿਆਣਪ ਸਦਕਾ ਗੁਰਬਾਣੀ ਦੇ ਵਾਕ 'ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ' ਦਾ ਅਰਥ ਮਿਲ-ਗੋਭਾ-ਆਚਰਣ ਹੀ ਮੁਕਤੀ ਦਾ ਸਾਧਨ ਪ੍ਰਚਾਰਿਆ ਜਾ ਰਿਹਾ ਸੀ। ਗੁਰੂ ਨਾਨਕ ਜੀ ਦਾ ਮੰਤਵ ਜੀਵਨ-ਪੰਡ ਦਾ ਭਾਰ ਹੌਲਾ ਕਰਨਾ ਸੀ ਪਰ ਉਨ੍ਹਾਂ ਦਾ ਭਾਵ ਉਲਝਾ ਕੇ ਉਸਨੂੰ ਸਗਵਾਂ ਭਾਰੀ ਹੀ ਨਹੀਂ ਅਸਹਿ ਕੀਤਾ ਜਾ ਰਿਹਾ ਸੀ। ਝਾੜੂ ਮੁਕੰਦੇ ਪ੍ਰਸ਼ਨ ਅਤੇ ਸਤਿਗੁਰੂ ਦਾ ਉੱਤਰ ਇਸੇ ਪਿਛੋਕੜ ਨਾਲ ਜੁੜੇ ਸਨ।

ਵੱਡੇ ਪੈਮਾਨੇ ਦੇ ਯੱਗ ਜੈਨੀ-ਬੋਧੀ ਪ੍ਰਭਾਵਾਂ ਅਧੀਨ ਬਹੁਤ ਕੁਝ ਪਿੱਛੇ ਪੈ ਗਏ ਸਨ, ਉਪਨਿਸ਼ਦ ਦਾ ਕਥਨ ਹੈ:

> ਇਹ ਯੱਗ ਅਸਲ ਵਿੱਚ ਨਿੱਕੀਆਂ ਨਿੱਕੀਆਂ ਕਿਸ਼ਤੀਆਂ ਵਾਂਗ ਬਲਹੀਣੇ ਸਾਧਨ ਹਨ, ਜਿਨ੍ਹਾਂ ਦੇ ਸਹਾਰੇ ਕਲਿਆਣ ਦੀ ਆਸ ਕਦੇ ਯਕੀਨੀ ਨਹੀਂ ਹੋ ਸਕਦੀ।
>
> ਇਨ੍ਹਾਂ (ਯੱਗਾਂ) ਉੱਤੇ ਭਰੋਸਾ ਰੱਖਣ ਵਾਲੇ ਮੂਰਖਾਂ ਨੂੰ ਕਰਮ-ਫਲ ਨਿਖੁੱਟਿਆਂ ਹੀ ਮੁੜ ਬੁਢਾਪੇ ਅਤੇ ਮੌਤ ਦਾ ਸ਼ਿਕਾਰ ਹੋਣਾ ਪੈਂਦਾ ਹੈ।[1]

1. ਮੁੰਡਕੋਪਨਿਸ਼ਦ, 1/2/7.

ਯੱਗ-ਵਾਦੀ ਧਰਮ-ਕਰਮ ਵਿਸ਼ੇਸ਼ ਸੁਆਰਥਾਂ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਸਨ। ਇਨ੍ਹਾਂ ਦਾ ਜਿੰਨਾ ਫਾਇਦਾ ਯਾਗਿਅਕ ਨੂੰ ਪਹੁੰਚਦਾ ਸੀ ਯਜਮਾਨ ਨੂੰ, ਸ਼ਾਇਦ ਉਸ ਦਾ ਅੰਸ਼-ਮਾਤਰ ਵੀ ਨਹੀਂ ਪਹੁੰਚਦਾ ਸੀ। ਉਂਝ, ਮੋਮੋ-ਠਗਣੀਆਂ ਅਤੇ ਸੁਹਾਂਵੇ ਭਰਵਾਸਿਆਂ ਦੀ ਗੱਲ ਹੋਰ ਹੈ।

ਗੁਰਮਤ ਦਾ ਸੰਦੇਸ਼ ਇਸ ਤੋਂ ਬਿਲਕੁਲ ਵੱਖਰੇ ਮਾਰਗ ਵਲ ਸੰਕੇਤ ਕਰਦਾ ਹੈ। ਗੁਰਮਤਿ ਦੇ ਆਦੇਸ਼ ਅਨੁਸਾਰ ਹਰ ਇੱਕ ਧਰਮ-ਕ੍ਰਿਆ 'ਹਿਤ-ਵਾਦ, ਗਰਜ਼ਮੰਦੀ ਅਤੇ ਸੁਆਰਥ ਦੀ ਭਾਵਨਾ ਤੋਂ ਉਚੇਰੇ ਉੱਠ ਕੇ, ਕੇਵਲ 'ਸੱਚ ਦੀ ਸੂਝ ਦਾ ਮਾਰਗ' ਜਾਣਨ ਅਤੇ ਪਛਾਣਨ ਦੀ ਸਮਰਥਾ ਪ੍ਰਾਪਤ ਕਰਨ ਲਈ ਹੀ ਹੋਣੀ ਚਾਹੀਦੀ ਹੈ, ਨਿਰੀ ਰਸਮੀ ਜਾਂ ਵਿਖਾਵੇ ਲਈ ਨਹੀਂ ਹੋਣੀ ਚਾਹੀਦੀ। ਆਪਣੇ ਇਸ਼ਟ ਪਾਸੋਂ ਸੰਸਾਰੀ ਸੁਖਾਂ ਅਤੇ ਮਾਨਵੀ ਕਾਮਨਾਵਾਂ ਲਈ ਝੋਲੀ ਅੱਡ ਕੇ ਮੰਗਣਾ ਗੁਰ-ਮੁਖੀ ਸਿਧਾਤਾਂ – ਹੁਕਮ, ਰਜ਼ਾ ਅਤੇ ਭਾਣੇ ਦੀ ਸਪਸ਼ਟ ਹੀ ਉਲੰਘਣਾ ਕਰਨਾ ਹੈ। ਇਹ ਖੁੱਲਮ-ਖੁੱਲਾ ਮਨ-ਮੁਖਾ ਵਾਲਾ ਆਚਰਣ ਹੈ, ਜਿਸ ਵਿਚ 'ਤਨੁ ਮਨੁ ਅਰਪਿ ਸਰਬਸੁ ਸਭ ਅਰਪਿਓ ਅਨਦ ਸਹਜ ਧੁਨਿ ਝੋਕ' ਵਾਲੀ ਭਾਵਨਾ ਖੰਡਿਤ ਹੁੰਦੀ ਹੈ।

ਯੋਗ ਦੀ ਚਰਚਾ ਵਿਚ ਅਕਸਰ ਇਹ ਕਹਿ ਲਿਆ ਜਾਂਦਾ ਹੈ ਕਿ ਯੋਗ ਦੀ ਘਾਲ ਡਾਢੀ ਗਾਖੜੀ ਹੁੰਦੀ ਹੈ, ਪਰ ਘਾਲ ਗਾਖੜੀ ਹੋਣਾ ਹੀ ਯੋਗ ਦੀ ਕਠਿਨਾਈ ਨਹੀਂ, ਕਠਿਨਾਈ ਤਾਂ ਸਗੋਂ ਇਹ ਹੈ ਕਿ ਯੋਗ ਭਰੋਸਾ ਦਿੰਦਾ ਹੈ ਉਸ ਮੂਲ ਸੋਮੇ ਨਾਲ ਮੇਲਣ ਦਾ ਜਿਸ ਤੋਂ ਇਹ ਸਾਰਾ ਸੰਸਾਰ ਉਪਜਿਆ ਹੈ ਪਰੰਤੂ ਯੋਗ-ਮਾਰਗ ਦੇ ਜਿੰਨੇ ਗਰੰਥਾਂ ਨੂੰ ਚਾਹੋ ਦੇਖ ਲਵੋ ਕੋਈ ਨਾ ਕੋਈ ਰੋੜਕਾ ਪਾ ਕੇ ਕਵਲਯ ਵਿਚ ਵੀ ਵਿੱਥਾਂ ਝਾਕਦੀਆਂ ਮਿਲਦੀਆਂ ਹਨ। ਯੋਗੀ, ਸ਼ਿਵ ਜੇਹਾ ਹੋ ਸਕਦਾ ਹੈ, ਪਰ ਵਿਸ਼ੁੱਧ ਸ਼ਿਵ ਕਿਧਰੇ ਹੁੰਦਾ ਨਹੀਂ ਦਿੱਸਦਾ, ਕੁਝ ਨ ਕੁਝ ਅੰਤਰ ਬਣਿਆ ਹੀ ਰਹਿ ਜਾਂਦਾ ਹੈ ਅਤੇ ਇਹ ਸੰਸਾਰ ਜੋ ਮਹਾਂਦੇਵ ਸ਼ਿਵ ਦਾ ਦਿੱਤਾ ਸੀ ਉਹ ਪੇਸ਼ਗੀ ਹੀ ਹੱਥੋਂ ਛੁਡਾ ਲਿਆ ਜਾਂਦਾ ਹੈ। ਹੱਥ ਦੀ ਪ੍ਰਾਪਤੀ ਤਿਆਗ ਕੇ ਸੰਕਲਪਾਂ ਪਿੱਛੇ ਦੌੜਨਾ ਕਿੰਨਾ ਕਠਿਨ ਹੈ?

ਰਹੀ ਗੱਲ ਯਾਚਨਾ ਦੀ, ਸਾਡੀ ਮਾਨਸਿਕਤਾ ਯੁਗਾਂ ਯੁਗਾਂ ਤੋਂ ਯਾਚਨਾ ਦੇ ਤ੍ਰਾਸ ਦੇ ਭੈ ਤੋਂ ਕੰਬਦੀ ਆਈ ਹੈ, ਤੁਲਸੀ ਜਿਹਾ ਸੰਤ ਵੀ ਇਸ ਤ੍ਰਾਸ ਤੋਂ ਕੂਕਦਾ ਹੈ:

> "ਤੁਲਸੀ ਕਰ ਪਰ ਕਰ ਕਰੋ ਕਰ ਤਲ ਕਰ ਨਾ ਕਰੋ। ਜਾਂ ਦਿਨ ਕਰ ਤਲ ਕਰ ਕਰੋ ਤਾਂ ਦਿਨ ਮਰਨ ਭਲੋ।"

ਅਤੇ ਸਾਡਾ ਲੋਕ-ਆਖਿਆਨ ਵੀ ਕੁਝ ਇਹੋ ਜਿਹੀ ਬੋਲੀ ਹੀ ਬੋਲਦਾ ਹੈ:

> "ਮੰਗਣ ਗਿਆ ਸੋ ਮਰ ਰਿਹਾ ਮਰੇ ਸੋ ਮੰਗਣ ਜਾਇ। ਉਸ ਤੋਂ ਪਹਿਲਾਂ ਉਹ ਮਰੇ ਜੋ ਹੁੰਦੇ ਮੁੱਕਰ ਪਾਹਿ।"

ਗੁਰਬਾਣੀ ਦਾ ਦ੍ਰਿਸ਼ਟੀ ਕੋਣ ਕੁਝ ਵਧੇਰੇ ਉਦਾਰ ਅਤੇ ਯਥਾਰਥ-ਵਾਦੀ ਹੈ। ਗੁਰੂ-ਬਾਣੀ ਲੋੜ-ਥੋੜ ਸਮੇਂ ਮੰਗਣ ਦੀ ਨਿਖੇਧੀ ਨਹੀਂ ਕਰਦੀ ਕੇਵਲ ਇਕ ਬੰਦਿਸ਼ ਲਾਉਂਦੀ ਹੈ, ਉਹ ਬੰਦਿਸ਼ ਇਹ ਹੈ ਕਿ "ਦਾਤਾ ਉਹ ਨ ਮੰਗੀਐ ਮੁੜ ਮੰਗਣ ਜਾਈਐ" ਤਾਂ ਜੋ ਯਾਚਨਾ ਯਾਤਨਾ ਨ ਬਣੇ।

ਗੁਰੂ ਦਰਬਾਰ ਵਿਚ ਵੀ ਲੋਕ ਆਪਣੀਆਂ ਮੰਗਾਂ, ਪੁੱਛਾਂ ਅਤੇ ਮਜ਼ਬੂਰੀਆਂ ਲੈ ਕੇ ਆਉਂਦੇ ਰਹਿੰਦੇ ਸਨ, ਜਿਵੇਂ ਇਸ ਪ੍ਰਸੰਗ ਵਿਚ ਝਾਜੂ, ਮੁਕੰਦਾ ਅਤੇ ਕਿਦਾਰਾ ਗੁਰੂ ਅਰਜਨ ਸਾਹਿਬ ਦੇ ਹਜ਼ੂਰ ਆਏ ਸਨ: ਉਨ੍ਹਾਂ ਦੀ ਪੁੱਛ ਮੁਕਤੀ ਦੇ ਸਾਧਨ ਬਾਰੇ ਸੀ।

ਗੁਰੂ ਜੀ ਨੇ ਓਨ੍ਹਾਂ ਨੂੰ ਕੀਰਤਨ ਦੇ ਮਾਰਗ ਪਾਇਆ । ਝਾਜੂ ਅਤੇ ਉਸ ਦੇ ਸਾਥੀਆਂ "ਅਰਦਾਸ ਕੀਤੀ, ਜੀ ! ਬਾਣੀ ਦੇ ਪਾਠ ਦਾ ਕਥਾ ਤੇ ਕੀਰਤਨ ਦਾ ਭਿੰਨ ਭਿੰਨ ਫਲ ਕਹੀਐ :

'ਬਚਨ ਹੋਆ ਬਾਣੀ ਦਾ ਪਾਠ ਇਹੁ ਹੈ ਜੋ ਆਪਣੇ ਖੂਹੇ ਦੀ ਪੈਲੀ ਪਾਨੀ ਦੇ ਕੇ ਝਬ ਦੇ ਪਕਾਈਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਈਦਾ ਹੈ, ਜੋ ਖੂਹ ਦੀ ਪੈਲੀ ਨਜਦੀਕ ਹੋਵ ਦਾਂ ਉਸਨੂੰ ਭੀ ਪਾਣੀ ਪਹੁੰਚ ਸਕਦਾ ਹੈ, ਪਰ ਦੂਰ ਦੀਆਂ ਪੈਲਆਂ ਨੂੰ ਨਹੀਂ ਪਹੁੰਚਦਾ ।"

ਫੇਰ ਕੀਰਤਨ ਦਾ ਨਿਖੇੜਾ ਕੀਤਾ ਹੈ ਅਤੇ ਕਥਾ ਦਾ ਅੰਤਰ ਸਮਝਾਇਆ ਏ :

"ਤੇ, ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭ ਪੈਲੀਆਂ ਹਰੀਆਂ ਹੁੰਦੀਆਂ ਹਨ । ਤੇ, ਕਥਾ ਦਾ ਫਲ ਇਹ ਹੈ ਕਿ ਮੇਘ ਜੋ ਠਹਿਰਿਆ ਹੋਇਆ ਨਿਰਵਾਤ ਝਿਮ ਝਿਮ ਬਰਖਾ ਕਰਦਾ ਹੈ, ਅੱਗੇ ਪੈਲੀਆਂ ਗਾਹੀਆਂ ਹੋਈਆਂ ਸੁਧਾਰੀਆਂ ਹੋਵਨ ਜੋ ਜੋ ਬੂੰਦ ਪਵੇ ਵਿਚ ਧਰਤੀ ਤੇ ਸਮਾਵਦੀ ਜਾਵੇ, ਤੈਸੇ ਜੋ ਸਮਝਵਾਨ ਸਿੱਖ ਹੁੰਦੇ ਹੈਨ, ਜੋ ਜੋ ਕਥਾ-ਕੀਰਤਨ ਕਰਦੇ ਹੈਨ ਤੇ ਵਾਰਤਾ ਸੁਣਦੇ ਹਨ ਸੋ ਸੋ ਰਿਦੇ ਵਿਚ ਧਾਰਦੇ ਜਾਂਦੇ ਹੈਨ, ਉਹਨਾਂ ਨੂੰ ਸਮਝ ਪ੍ਰਾਪਤ ਹੁੰਦੀ ਹੈ । ਕਥਾ ਤੇ ਕੀਰਤਨ ਦੋਵੇਂ ਮਿਲੇ ਹੋਏ ਸੋਭਾ ਪਾਂਵਦੇ ਹਨ ।

ਇਨ੍ਹਾਂ ਸਾਖੀਆਂ ਵਿਚ ਸਾਡੇ ਸਾਮ੍ਹਣੇ ਦੋ ਕਿਰਦਾਰ ਹਨ ਅਤੇ ਦੋ ਹੀ ਸਥਿਤੀਆਂ ਹਨ । ਇਕ ਵੰਨੇ ਸੱਤਾ ਅਤੇ ਬਲਵੰਡ ਹਨ ਅਤੇ ਦੂਜੇ ਵੰਨੇ ਹਨ ਝਾਜੂ-ਮੁਕੰਦੂ ਅਤੇ ਕਿਦਾਰਾ । ਕਥਾ ਦੇ ਕਲੇਵਰ ਵਿਚ ਇਹ ਦੋਵੇਂ ਦੋ ਕੀਰਤਨੀ ਜਥੇ ਮਾਤਰ ਹਨ । ਦੋਹਾਂ ਦਾ ਕਿਰਦਾਰ ਵਿਅਕਤੀ-ਪ੍ਰਧਾਨ ਕਿਰਦਾਰ ਹੈ । ਇਹ ਕਿਰਦਾਰ ਸਮਕਾਲੀ ਅਹਿਸਾਸ ਨੇ ਜਿਸ ਰੂਪ ਵਿਚ ਨਿਰਖਿਆ ਪਰਖਿਆ ਉਸ ਉੱਤੇ ਵਿਅਕਤੀਅਤਾ ਦੀ ਛਾਪ ਹੈ । ਪਰ, ਸਮੇਂ ਅਤੇ ਸਥਿਤੀ ਦੀ ਵਿੱਥ ਪਾਰੋਂ ਵੇਖੀਏ ਤਾਂ, ਕਿਸੇ ਵੱਡੇ ਭੁਲੇਖੇ ਦਾ ਸ਼ਿਕਾਰ ਹੋਏ ਬਿਨਾਂ, ਇਹ ਸਮਝ ਲੈਣਾ ਦੂਰ ਦੀ ਛਾਲ ਨਹੀਂ ਹੋਵੇਗੀ ਕਿ ਇਹ ਦੋਵੇਂ ਜਥੇ ਵਿਅਕਤੀ ਉਤਨੇ ਨਹੀਂ ਰਹਿ ਗਏ ਜਿਤਨੇ ਕਿ ਮਾਨਸਿਕ ਪ੍ਰਤਿਕਰਮੀ ਟਾਈਪ (ਪ੍ਰਤੀਕਾਤਮਕ) ਸਿੱਧ ਹੋਣਗੇ ।

ਬਲਵੰਡ ਇਕ ਯੁੱਗ ਦੀ ਸੰਕਾਲੂ ਆਤਮਾ ਹੈ ਜੋ ਅੱਜ ਦੇ ਖੱਬੇ ਪੱਖੀ ਕਾਮੇ ਵਾਂਗੂ ਸੋਚਦਾ ਅਤੇ ਵਿਚਰਦਾ ਹੈ । ਇਕ ਸਦੀ ਨੂੰ ਢੁੱਕਦੀ ਉਮਰ, ਇਸ ਉਪਰ ਸੀ ਦੋ ਤਿਹਾਈ ਕਾਲ ਜਿੰਨਾ ਗੁਰੂ ਦੇ ਹਜ਼ੂਰ ਕੀਰਤਨ ਦਾ ਅਨੁਭਵ ਅਤੇ ਗੁਰਬਾਣੀ ਅਭਿਆਸ ਦਾ ਪਿਛੋਕੜ ਹੈ ਪਰ ਸ਼ਰਧਾ ਅਤੇ ਵਿਸ਼ਵਾਸ ਦੀ ਪੂੰਜੀ ਦੀ ਥੁੜ ਹੱਥੋਂ ਦੋ ਵਾਰ ਜੁਆਨੀ ਪਹਿਰੇ ਗੁਰੂ ਅੰਗਦ ਸਾਹਿਬ ਦੇ ਹਜ਼ੂਰ ਸਿਦਕ ਤੋਂ ਥਿੜਕਦਾ ਹੈ । ਪਹਿਲੀ ਵਾਰੀ ਉਸਦੀ ਮੰਗ ਹੈ ਕਿ ਗੁਰੂ ਕੀ ਗੋਲਕ ਦੀ ਮਾਲਕੀ ਵਿਚ ਕੀਰਤਨੀ ਜਥੇ ਦਾ ਅੱਧ ਹੋਣਾ ਚਾਹੀਦਾ ਹੈ ਕਿਉਂਕਿ ਗੁਰੂ ਬਾਣੀ ਰਚਦਾ ਹੈ ਅਤੇ ਉਹ ਬਾਣੀ ਗਾ ਕੇ ਲੋਕਾਂ ਤਕ ਪਹੁੰਚਾਉਂਦੇ ਹਨ । ਸਪਸ਼ਟ ਹੈ ਉਹ ਗੋਲਕ ਨੂੰ ਉਸੇ ਪ੍ਰਕਾਰ ਸ਼ਖਸੀ ਮਿਲਖ ਸਮਝਦੇ ਹਨ ਜਿਵੇਂ ਗੁਰੂ ਕੇ ਸਾਹਿਬਜ਼ਾਦੇ ।

ਦੂਜੀ ਘਟਨਾ ਵਿਚ, ਸ਼ਾਇਦ, ਕੁਝ ਸਮਾਂ ਹੋਰ ਲੰਘ ਗਿਆ ਹੈ ਅਤੇ ਪਿਛਲੀ ਵਾਰੀ ਜੋ ਸੰਗਤ ਦੀ ਵਿਚੋਲਗੀ ਵਿਚ ਪਾ ਕੇ ਭੁੱਲ ਬਖਸ਼ਾਉਣੀ ਪਈ ਸੀ ਉਸਦੀ ਕਾਵੜ ਵਿਹੁ ਵਾਂਗ ਮਨ ਵਿਚ ਬਦਸਤੂਰ ਘੁਲੀ ਹੋਈ ਹੈ, ਉਹ ਜਿਵੇਂ ਮੌਕੇ ਦੀ ਉਡੀਕ ਵਿਚ ਹੈ ਜਦੋਂ ਉਹ ਇਹ ਦਰਸਾ ਸਕੇ ਕਿ ਦਰਬਾਰ ਦਾ ਸ਼ਾਸਨ ਲੋੜ ਨਾਲੋਂ ਵੱਧ ਸਖ਼ਤ ਹੈ ਅਤੇ ਉਸਦਾ ਕਲਾਕਾਰ ਇਸ ਬੰਧਨ ਭਰੇ ਮਾਹੌਲ ਵਿਚ ਘੁਟਿਆ ਘੁਟਿਆ ਪ੍ਰਤੀਤ ਕਰਦਾ ਹੈ। ਉਹ ਸਮਝਦਾ ਹੈ ਕਿ ਉਹ ਗੁਰੂ ਜੀ ਦਾ ਹਜ਼ੂਰੀ ਕੀਰਤਨੀਆਂ ਹੈ, ਕਿਸੇ ਸਿੱਖ ਦੀ ਮੰਗ ਉੱਤੇ ਉਸ ਦੇ ਅੱਗੇ ਬੈਠ ਕੇ ਸ਼ਬਦ ਗਾਉਣਾ ਉਸ ਦੇ ਰੁਤਬੇ ਨੂੰ ਨੀਵਾਂ ਕਰੇਗਾ, ਬਿਨਾਂ ਇਹ ਵਿਚਾਰੇ ਕਿ ਗੁਰੂ ਜੀ ਦੀ ਨਜ਼ਰ ਵਿਚ ਆਪਣੇ ਸਿੱਖਾਂ ਦਾ ਕੀ ਰੁਤਬਾ ਹੈ।

ਤੀਸਰੀ ਘਟਨਾ ਪੰਚਮ ਪਾਤਸ਼ਾਹ ਦੇ ਸਮੇਂ ਵਾਪਰੀ ਮੰਨੀ ਜਾਂਦੀ ਹੈ। ਇਸ ਵਾਰੀ ਮੀਣਿਆਂ ਦੀ ਚੁੱਕ ਵੀ ਕਾਰਗਰ ਸੀ। ਰੋਸੇ ਦਾ ਠੂਠਾ ਭੰਨਣ ਲਈ ਲੜਕੀ ਦੇ ਵਿਆਹ ਦਾ ਅਵਸਰ ਵਿਕ ਆ ਜੁੜਿਆ, ਜੇ ਇਹ ਜਾਣ ਬੁੱਝ ਕੇ ਉਭਾਰਿਆ ਕਾਰਨ ਨਾ ਹੁੰਦਾ ਤਾਂ ਜਦੋਂ ਗੁਰੂ ਜੀ ਆਪ ਚੱਲ ਕੇ ਇਨ੍ਹਾਂ ਦੇ ਘਰ ਮਨਾਉਣ ਲਈ ਗਏ ਸਨ ਉਸ ਸਮੇਂ ਗੁੰਝਲ ਦਾ ਹਲ ਲੱਭਣਾ ਅਸੰਭਵ ਨਹੀਂ ਸੀ। ਘਰ ਚੱਲ ਕੇ ਮਨਾਉਣ ਆਏ ਮਾਲਕ ਨਾਲ ਕੋਈ ਸਿੱਧੀ ਗੱਲ ਕਰਨ ਦੀ ਥਾਂਵੇਂ, ਤੋੜ-ਵਿਛੋੜ ਨੂੰ ਉਕਸਾਉਣ ਲਈ, ਮਾਲਕ ਦੇ ਵੱਡ-ਵਡੇਰਿਆਂ ਦੀ ਆਣ ਨੂੰ ਪੁਣਨਾ ਜਾਣ ਬੁਝ ਕੇ ਕੀਤੀ ਉੱਤੇਜਿਤ ਗੁਸਤਾਖੀ ਸੀ, ਬਿਨਾ ਕਿਸੇ ਸ਼ੰਕੇ ਦੇ ਇਹ ਕਾਰਵਾਈ ਚੁੱਕ ਵਿਚ ਆਏ ਕਾਮੇ ਦੀ ਮੂਰਖਤਾ ਸੀ, ਜਿਸ ਦਾ ਫਲ ਮੁੜ ਤਰਲਿਆਂ ਨਾਲ ਖਿਮਾ ਪ੍ਰਾਪਤ ਕਰਨਾ ਸੀ।

ਦੀਵਾਨ ਵਿਚ ਸਤਿਗੁਰੂ ਦੇ ਹਜ਼ੂਰ ਅਤੇ ਸੰਗਤ ਵਿਚ ਸਿੱਖਾਂ ਦੀ ਅਭਿਲਾਖਾ ਦੇਖ ਕੇ ਨਿਹਕਾਮ ਕੀਰਤਨ ਕਰਨ ਵਾਲਿਆਂ ਦਾ ਪ੍ਰਤੀਕ ਝਾਜੂ ਮੁਕੰਦੂ ਅਤੇ ਕਿਦਾਰਾ ਹਨ। ਉਨ੍ਹਾਂ ਬਾਬਤ ਲਿਖਿਆ ਹੈ ਕਿ ਉਹ ਆਪਣਾ ਸਰੀਰ ਦਾ ਨਿਰਬਾਹ ਉਸ ਧਨ ਨਾਲ ਹੀ ਕਰਦੇ ਸਨ ਜੋ ਸੰਗਤਾਂ ਉਨ੍ਹਾਂ ਨੂੰ ਆਪਣੀ 'ਸ਼ਰਧਾ ਸੰਜੁਗਤ' ਸੇਵਾ ਕਰ ਦੇਣ 'ਉਸੇ ਥੀਂ ਗੁਜ਼ਾਰਾ ਕਰਨ' ਅਰਥਾਤ ਕਿਸੇ ਪਾਸੋਂ ਵੀ ਕੀਰਤਨ ਦੇ ਸੇਵਾ-ਫਲ ਲਈ ਯਾਚਨਾ ਨਹੀਂ ਕਰਦੇ ਸਨ ਅਤੇ ਨਾ ਕੀਰਤਨ ਕਰਨ ਤੋਂ ਪਹਿਲਾਂ ਹੀ ਇਹ ਅੜੀ ਕਰਦੇ ਸਨ ਅਤੇ ਨਾ ਕੀਰਤਨ ਕਰਨ ਤੋਂ ਪਹਿਲਾਂ ਹੀ ਇਹ ਅੜੀ ਕਰਦੇ ਸਨ ਕਿ ਜੇ ਇਤਨੀ ਪੂਜਾ ਮਿਲੇਗੀ ਤਾਂ ਕੀਰਤਨ ਕਰਾਂਗੇ ਨਹੀਂ ਤਾਂ ਨਹੀਂ ਕਰਾਂਗੇ। ਇਹੋ ਵਰਤਾਰਾ ਸਿੱਖ-ਰਾਜ ਦੇ ਸਮੇਂ ਤਕ ਚਲਦਾ ਰਿਹਾ ਹੈ।

ਹਕੀਕਤ ਇਹ ਹੈ ਕਿ ਇਨ੍ਹਾਂ ਦੋਹਾਂ ਸਾਖੀਆਂ ਵਿਚ ਕਈ ਇਤਿਹਾਸਕ ਤੱਥ ਲੁਕੇ ਹੋਏ ਹਨ ਜਿਨ੍ਹਾਂ ਵੱਲ ਅਸੀਂ ਵਿਗੜਦੀਆਂ ਰਹੁ-ਰੀਤਾਂ ਦੀ ਛਾਇਆ ਬਾਰੇ ਕਦੇ ਧਿਆਨ ਨਹੀਂ ਦਿੱਤਾ। ਬਲਵੰਡ ਦੂਜੇ ਸਤਿਗੁਰੂ ਦੇ ਹਜ਼ੂਰ ਮੰਗ ਕਰਦਾ ਹੈ ਤਾਂ ਗੋਲਕ ਵੰਡ ਜਾਣ ਦੀ ਪੰਚਮ ਪਾਤਸਾਹ ਦੇ ਹਜ਼ੂਰ ਮੰਗ ਕਰਦਾ ਹੈ ਲੜਕੀ ਦੇ ਵਿਆਹ ਦੇ ਖ਼ਰਚ ਲਈ ਤਾਂ ਇਕ ਦਿਨ ਦੀ ਗੋਲਕ ਵਿੱਚ ਆਈ ਭੇਟਾ ਦੀ। ਕਿਧਰੇ ਉ[illegible] ਨੂੰ ਸੰਗਤ ਵਲੋਂ ਸ਼ਬਦ ਭੇਟ ਦਿਤੇ ਜਾਣ ਦਾ ਕੋਈ ਇਸ਼ਾਰਾ ਤਕ ਨਹੀਂ। ਝਾਜੂ-ਮੁਕੰਦੂ ਤੇ ਕਿਦਾਰਾ ਹਜ਼ੂ[illegible] ਕੀਰਤਨ

ਕਰਦੇ ਹਨ ਤਾਂ ਸੰਗਤ ਵਲੋਂ ਸ਼ਬਦ ਭੇਟ ਦਾ ਕੋਈ ਮੌਕਾ ਨਹੀਂ ਹੋ ਸਕਦਾ। ਸੰਗਤ ਵਲੋਂ ਸ਼ਰਧਾ ਨਾਲ ਦਿੱਤਾ ਕੋਈ ਟਕਾ-ਪੈਸਾ ਦਰਬਾਰ ਵਿਚ ਭੇਟ ਨਹੀਂ ਹੋ ਸਕਦਾ ਸੀ ਕਿਉਂਕਿ ਗੁਰੂ ਦੀ ਹਜ਼ੂਰੀ ਵਿਚ ਇਹ ਸੰਭਵ ਨਹੀਂ ਸੀ। ਨਿਸ਼ਚੇ ਨਾਲ ਕਹਿ ਸਕਦੇ ਹਾਂ ਇਹ ਭੇਟਾ ਉਨ੍ਹਾਂ ਨੂੰ ਉਸ ਸਮੇਂ ਅਰਪਣ ਕੀਤੀ ਜਾਂਦੀ ਹੋਵੇਗੀ ਜਦੋਂ ਉਹ ਕਿਸੇ ਸਿੱਖ ਦੇ ਘਰ ਕੀਰਤਨ ਕਰਨ ਜਾਂਦੇ ਹੋਣਗੇ। ਗੁਰੂ ਕੇ ਦਰਬਾਰ ਗੁਰੂ ਦੀ ਹਜ਼ੂਰੀ ਵਿਚ ਨਾ ਕਿਸੇ ਨੂੰ ਮੱਥਾ ਟੇਕਣ ਦੀ ਰੀਤ ਸੀ ਅਤੇ ਨਾ ਭੇਟ ਅਰਪਣ ਕਰਨ ਦੀ। ਗੁਰੂ ਕੇ ਦਰਬਾਰ ਰਾਜੇ ਅਤੇ ਬਾਦਸ਼ਾਹ ਵੀ ਆਏ ਹਨ, ਉਨ੍ਹਾਂ ਲਈ ਕੋਈ ਉਚੇਚ ਨਹੀਂ ਕੀਤਾ ਜਾਂਦਾ ਸੀ। ਬਾਦਸ਼ਾਹ ਨੇ ਗੁਰੂ ਦੇ ਹਜ਼ੂਰ ਮੱਥਾ ਟੇਕਣਾ ਹੁੰਦਾ ਸੀ ਤਦ ਬਾਦਸ਼ਾਹ ਨੂੰ ਉਸ ਸਮੇਂ ਸਲਾਮ ਨਹੀਂ ਕੀਤੀ ਜਾਂਦੀ ਸੀ, ਫੇਰ ਕੀਰਤਨੀਏ ਨੂੰ ਭੇਟਾ ਕਿਵੇਂ ਅਰਪਣ ਕੀਤੀ ਜਾ ਸਕਣੀ ਜਾਇਜ਼ ਹੁੰਦੀ। ਅੱਜ ਜੋ ਰੀਤ ਚਾਲੂ ਹੈ ਇਹ ਗੁਰਮਤਿ ਵਿਰੁੱਧ ਹੈ। ਇਸ ਦਾ ਮੂਲ ਕਿਧਰੇ ਹੋਰ ਹੈ। ਇਸ ਥਾਂ ਸੰਕੇਤ ਹੀ ਕਾਫ਼ੀ ਹੈ, ਚਰਚਾ ਦਾ ਅਵਸਰ ਨਹੀਂ।

ਇਕ ਹੋਰ ਸੰਕੇਤ ਇਸ ਸੰਬੰਧ ਵਿਚ ਇਸ ਥਾਂ ਸੰਭਵ ਹੋਵੇਗਾ। ਗੁਰੂ ਸਾਹਿਬਾਨ ਜਦ ਕਦੇ ਵੀ ਕਿਸੇ ਸਿੱਖ ਉੱਤੇ ਕ੍ਰਿਪਾਲ ਹੋ ਕੇ ਉਸ ਦੇ ਨਿਵਾਸ ਉੱਤੇ ਚਰਨ ਪਾਉਂਦੇ ਸਨ ਤਦ ਵਿਦਾਇਗੀ ਸਮੇਂ ਉਸ ਖਤਰ ਦੀ ਸੰਗਤ ਚਰਨ-ਭੇਟ ਅਰਪਣ ਕਰਦੀ ਸੀ। ਉਸ ਸਮੇਂ ਜੋ ਹਜ਼ੂਰੀ ਸੇਵਕ ਅਤੇ ਕੀਰਤਨੀਏ ਨਾਲ ਹੁੰਦੇ ਸਨ ਉਨ੍ਹਾਂ ਨੂੰ ਵੀ ਸਤਿਕਾਰ ਵਜੋਂ ਪੁਸ਼ਾਕੇ ਨਕਦੀ ਆਦਿ ਅਰਪਣ ਕੀਤੀ ਜਾਂਦੀ ਸੀ। ਬਾਦਸ਼ਾਹੀ ਦਰਬਾਰ ਦੀ ਰੀਤ ਅਨੁਸਾਰ ਜਦੋਂ ਉਹ ਭੇਟਾ ਸਤਿਗੁਰ ਦੇ ਪੇਸ਼ ਹੁੰਦੀਆਂ ਉਨ੍ਹਾਂ ਵਿਚ ਦਰਬਾਰੋਂ ਕੁਝ ਹੋਰ ਜੋੜ ਕੇ ਉਨ੍ਹਾਂ ਸੇਵਕਾਂ ਨੂੰ ਬਖਸ਼ ਦਿੱਤੀਆਂ ਜਾਂਦੀਆਂ ਸਨ। ਇਸ ਤਰ੍ਹਾਂ ਸੇਵਕ ਇਸ ਪ੍ਰਕਾਰ ਦੀਆਂ ਭੇਟਾ ਹਾਸਿਲ ਕਰਨਾ ਆਪਣਾ ਅਧਿਕਾਰ ਸਮਝਣ ਲਗ ਪਏ। ਸਿੱਖ ਰਾਜ ਦੇ ਢਲਦੇ ਯੁਗ ਵਿਚ ਕੀਰਤਨੀਏ ਦਰਬਾਰ ਵਿਚ ਹੀ ਭੇਟਾ ਕਬੂਲਣ ਲੱਗੇ।

ਬੁਨਿਆਦੀ ਰੀਤ ਇਹੋ ਸੀ ਕਿ ਗੁਰੂ ਕਾਲ ਵਿਚ ਗੁਰਬਾਣੀ ਦਾ ਪਾਠ ਅਤੇ ਥੋੜ੍ਹਾ ਬਹੁਤਾ ਕੀਰਤਨ ਦਾ ਢੰਗ ਹਰ ਗੁਰ ਸਿੱਖ ਦੀ ਨਿੱਤ ਕ੍ਰਿਆ ਵਿਚ ਸ਼ਾਮਿਲ ਸੀ। ਇਹ ਵਿਦਿਆ ਅਤੇ ਕਲਾ ਦੇ ਮੂਲ ਨਾਲ ਲੋਕ ਮਨ ਨੂੰ ਜੋੜਣ ਦਾ ਇਕ ਮਾਰਗ ਵੀ ਸੀ ਅਤੇ ਗੁਰਸਿੱਖੀ ਦੇ ਇਸ ਅਸੂਲ ਦੀ ਨੀਂਹ ਵੀ : ਕਿ ਗੁਰਸਿੱਖਾਂ ਵਿਚ ਕੋਈ ਉਦਗੀਥਾਂ, ਧਣੇਸਰਾਂ, ਪੁਰੋਹਿਤਾਂ ਦੀ ਜਮਾਤ ਨਹੀਂ ਹੋ ਸਕਦੀ।

"ਧ੍ਰਿਗ ਤਿਨ੍ਹਾਂ ਦਾ ਜੀਵਿਆ ਜੋ ਲਿਖ ਲਿਖ ਵੇਚੈਂ ਨਾਉ" ਅਤੇ
"ਸਾਈ ਪੁਤਰੀ ਜਜਮਾਨ ਕੀ ਸਾ ਤੇਰੀ ਏਤਿ ਧਾਨ ਖਾਧੇ ਤੇਰਾ ਜਨਮ ਗਿਆ"

ਜਿਹੇ ਗੁਰੂ-ਵਾਕ ਇਸੇ ਸੋਚਣੀ ਦਾ ਝਲਕਾਰਾ ਹਨ। ਸਿੱਖਾਂ ਦੀ ਨਿੱਤ-ਕ੍ਰਿਆ ਦੀ ਗਤੀ ਜੇ ਕਸਬੀ ਪੰਡਿਆਂ ਦੇ ਹੱਥ ਰਹੀ ਹੁੰਦੀ ਤਾਂ ਅੱਜ ਸਿੱਖ ਜੀਵਨ ਦੀ ਨੁਹਾਰ ਹੋਰ ਹੁੰਦੀ।

ਸਾਖੀ ਸੱਤੇ ਬਲਵੰਡ ਦੀ ਹੋਵੇ ਜਾਂ ਝਾਂਡੂ-ਮੁਕੰਦੂ ਤੇ ਕਿਦਾਰੇ ਦੀ ਹਰ ਸੂਰਤ ਇਹੋ ਸਿੱਧ ਹੁੰਦਾ ਹੈ ਕਿ ਗੁਰੂ ਸਾਹਿਬਾਨ ਅਤੇ ਸਰਧਾਵਾਨ ਗੁਰ-ਸਿੱਖਾਂ ਨੇ ਧਾਰਮਿਕ ਕਿਰਤਾਂ,

ਵਿਸ਼ੇਸ਼ ਕਰਕੇ ਕੀਰਤਨ ਨੂੰ, ਉਸ ਨਿਵਾਣ ਤਕ ਤਿਲ੍ਹਕਣ ਦਾ ਅਵਸਰ ਨਹੀਂ ਸੀ ਦਿੱਤਾ, ਜਿਸ ਨਿਵਾਣ ਤਕ ਤਿਲ੍ਹਕਣ ਬਾਰੇ ਕਿੰਤੂ ਪਹਿਲੋਂ ਸਤਿਗੁਰੂ ਜੀ ਨੇ ਆਸਾ ਦੀ ਵਾਰ ਵਿਚ ਕੀਤਾ ਹੈ ਸੀ :

"ਰੋਟੀਆਂ ਕਾਰਨਿ ਪੂਰਹਿ ਤਾਲ । ਆਪ ਪਛਾੜਹਿ ਧਰਤੀ ਨਾਲਿ । ਅਤੇ
ਵਾਇਨਿ ਚੇਲੇ ਨਚਨਿ ਗੁਰੂ । ਪੈਰ ਹਲਾਇਨਿ ਫੇਰਨਿ ਸਿਰੁ ।
ਉਡਿ ਉਡਿ ਰਾਵਾ ਝਾਟੈ ਪਾਇ । ਵੇਖੈ ਲੋਕੁ ਹਸੈ ਘਰਿ ਜਾਇ ।"

ਗੁਰੂ ਕਾਲ ਵਿਚ ਗੁਰੂ-ਬਾਣੀ ਦੇ ਕਿਸੇ ਵੀ ਕਾਰਜ ਨੂੰ, ਚਾਹੇ ਉਹ ਪਾਠ ਸੀ, ਚਾਹੇ ਕੀਰਤਨ ਅਤੇ ਚਾਹੇ ਉਹ ਵਿਆਖਿਆ ਸੀ, ਰੋਜ਼ੀ ਦਾ ਕਿੱਤਾ ਨਹੀਂ ਬਣਾਇਆ ਗਿਆ ਸੀ । ਰਬਾਬੀ ਅਤੇ ਢਾਡੀ ਜਾਂ ਰਾਗੀ ਵੀ ਇਸ ਬੰਧਨ ਤੋਂ ਮੁਕਤ ਨਹੀਂ ਸਨ, ਬਿਨਾ ਇਸ ਵਿਤਕਰੇ ਦੇ ਕਿ ਉਹ ਸੱਤੇ-ਬਲਵੰਡ ਦੀ ਜੋੜੀ ਸੀ ਜਾਂ ਝਾਜੂ-ਮੁਕੰਦੂ ਤੇ ਕਿਦਾਰਾ ਸੀ । ਦੂਜੇ ਵੰਨੇ ਗੁਰ-ਸਿੱਖਾਂ ਵਿਚ ਰੀਤ ਉਸਾਰੀ ਗਈ ਕਿ ਗੁਰੂ ਘਰ ਦਾ ਕੋਈ ਜਾਮਾ ਜੋ ਆਪਣਾ ਸਾਰਾ ਸਮਾਂ ਅਜਿਹੇ ਕਾਰਜਾਂ ਨੂੰ ਅਰਪਣ ਕਰਦਾ ਹੈ, ਸੰਸਾਰਕ ਲੋੜਾਂ ਲਈ ਕਿਸੇ ਹੋਰ ਦਰ ਆਝਾ ਹੋ ਕੇ ਜਾਣ ਲਈ ਮਜ਼ਬੂਰ ਨਾ ਹੋਵੇ । ਇਹ ਜ਼ਿੰਮੇਵਾਰੀ ਗੁਰੂ ਦਰਬਾਰ ਜਾਂ ਸਰਦੇ-ਪੁਜਦੇ ਸਿੱਖ ਪਰਿਵਾਰਾਂ ਦੇ ਸਿਰ ਤੇ ਪਾਈ ਗਈ ।

ਵਰਤਮਾਨ ਵਿਚ, ਜਿੰਨਾ ਸਿੱਖ ਰਹੁ-ਰੀਤ ਦੀ ਸੰਭਾਲ ਅਤੇ ਰੱਖਿਆ ਦਾ ਚਰਚਾ ਸੁਣੀਦਾ ਹੈ ਕਿਰਦਾਰ ਦੀ ਉਸੇ ਅਨੁਪਾਤ ਵਿਚ ਪਕੜ ਹੱਥੋਂ ਤਿਲ੍ਹਕ ਗਈ ਹੈ । ਗੁਆਂਢੀ ਸਮਾਜਾਂ ਦੀ ਦੇਖਾ ਦੇਖੀ ਦਿਖਾਵੇ ਦੀ ਭੁੱਖ ਵਿਚ ਵਿਤੋਂ ਬਾਹਰ ਵਾਧਾ ਹੋਇਆ ਹੈ । ਸਿੱਖੀ-ਜੀਵਨ ਦੀ ਸਾਦਗੀ ਦੀ ਥਾਂ ਪੁਰਾਣੀਆਂ ਜ਼ਾਤ ਬਰਾਦਰੀ ਦੀਆਂ ਰਸਮਾਂ ਪ੍ਰਧਾਨ ਹੋ ਰਹੀਆਂ ਹਨ । 'ਮਨ ਹੋਰ ਮੁਖ ਹੋਰ' ਵਾਲੀ ਦਸ਼ਾ ਜ਼ੋਰ ਫੜ ਰਹੀ ਹੈ । ਪੰਡਾ-ਵਾਦੀ ਪ੍ਰਵਿਰਤੀਆਂ ਸਿੱਖ ਪਾਠੀਆਂ, ਕੀਰਤਨੀਆ ਅਤੇ ਕਥਾ ਵਾਚਕਾਂ ਦਾ ਜੀਵਨ-ਬਿਉਹਾਰ ਬਣ ਗਈਆਂ ਹਨ । ਆਪ ਗੁਰਮੁਖੀ ਪੜ੍ਹੇ ਗੁਰ-ਸਿੱਖ ਵੀ ਪਾਠ ਕਰਨ ਤੋਂ ਨੱਕ ਵੱਟਦੇ ਹਨ ਜਿਵੇਂ ਇਹ ਕੋਈ ਹੀਣੀ ਊਣੀ ਗੱਲ ਹੋਵੇ । ਮਹਾਨ ਗੁਰ-ਸਿੱਖ ਵੀ ਪਾਠ ਅਤੇ ਕੀਰਤਨ ਦਾ ਮੁੱਲ ਮੰਗਦੇ ਹਨ ।

ਕਦੇ ਕਿਸੇ ਨੀਤੀ-ਗਰੰਥੀ ਵਿਚ ਦੋ ਸੂਕਤੀਆਂ ਪੜ੍ਹੀਆਂ ਸਨ, ਸੰਦਰਭ ਭੁੱਲਾ-ਭੁਲਾ ਗਿਆ ਹੈ ਅਤੇ ਯਾਦ ਦੀ ਪਕੜ ਵਿਚੋਂ ਅੱਖਰ ਵੀ ਚਿਰੋਕੇ ਖਿਰ ਲਏ ਹਨ ਪਰ ਉਨ੍ਹਾਂ ਸੂਕਤੀਆਂ ਦੇ ਭਾਵ ਦੀ ਚੁਭਨ ਚਿੱਤ ਵਿਚ ਬਾਕੀ ਹੈ । ਪਹਿਲੀ ਸੂਕਤੀ ਦਾ ਭਾਵ ਸੀ ਕਿ 'ਜਿਸ ਪਿੰਡ, ਜਿਸ ਬਸਤੀ ਜਾਂ ਜਿਸ ਨਗਰ ਵਿਚ ਪਤਾ ਲੱਗੇ ਕਿ ਉੱਥੋਂ ਦੇ ਬ੍ਰਾਹਮਣ ਦੇ ਬੱਚੇ, ਉਪਜੀਵਕੀ ਸਾਧਨਾਂ ਦੀ ਤੰਗੀ ਜਾਂ ਅਣਹੋਂਦ ਕਾਰਨ, ਰਾਤ ਨੂੰ ਖਾਲੀ ਪੇਟ ਸੌਣ ਲਈ ਮਜਬੂਰ ਹੁੰਦੇ ਹਨ ਹਨ; ਰਾਜਾ ਨੂੰ ਚਾਹੀਦੇ ਕਿ ਉਸ ਪਿੰਡ, ਬਸਤੀ ਜਾਂ ਨਗਰ ਨੂੰ ਸਣੇ ਉਸ ਦੀ ਵਸੋਂ ਦੇ ਤਤਕਾਲ ਅਗਨੀ ਭੇਟਾ ਕਰ ਦੇਵੇ ।' ਇਸ ਮਾਮਲੇ ਵਿਚ ਕਿਸੇ ਉਜ਼ਰ ਅਰਜ਼ੀ ਉੱਤੇ ਕੰਨ ਨਾ ਧਰਿਆ ਜਾਵੇ ਇਹ ਅਨਿਆਈ ਲੋਕਾਂ ਦੀ ਵਰਜੋਂ ਹੈ ।

ਦੂਜੀ ਸੂਕਤੀ ਦਾ ਭਾਵ ਹੋਰ ਵੀ ਕਰੂਰ ਵਿਉਹਾਰ ਦਾ ਆਦੇਸ਼ ਦਿੰਦਾ ਸੀ । ਉਸ

ਵਿਚ ਕਿਹਾ ਗਿਆ ਸੀ : ਜਿਸ ਪਿੰਡ, ਬਸਤੀ ਜਾਂ ਨਗਰ ਵਿਚ ਸੂਚਨਾ ਮਿਲੇ ਕਿ ਓਥੋਂ ਦੇ ਬ੍ਰਾਹਮਣ ਦੀ ਪੂੰਜੀ ਸਮੇਂ ਦੇ ਪ੍ਰਚਲਿਤ ਤੇ ਵਿਉਹਾਰਕ ਸਿੱਕਿਆਂ'ਚ ਇਕ ਸੌ ਤੋਂ ਜ਼ਿਆਦਾ ਹੈ ਉਸ ਬ੍ਰਾਹਮਣ ਨੂੰ, ਸਣੇ ਪਰਿਵਾਰ ਦੇ, ਤਿਲਾਂ ਵਾਂਗ ਘਾਣੀ ਵਿਚ ਨਪੀੜ ਕੇ ਮੁਕਾ ਦਿੱਤਾ ਜਾਵੇ। ਅਜਿਹੇ ਬ੍ਰਾਹਮਣ ਦਾ ਪਰਿਵਾਰ ਮਾਰਨ ਨਾਲ ਰਾਜਾ ਨੂੰ ਬ੍ਰਹਮ ਹੱਤਿਆ ਦਾ ਪਾਪ ਨਹੀਂ ਲੱਗੇਗਾ, ਕਿਉਂਕਿ ਅਜਿਹਾ ਬ੍ਰਾਹਮਣ ਧਰਮ ਦਾ ਆਚਰਣ ਤਿਆਗ ਚੁੱਕਾ ਹੈ। ਆਚਾਰੀਆਂ ਦਾ ਆਦੇਸ਼ ਬੜਾ ਨਿਰਦਈ ਹੈ, ਪਰ ਸ਼ਾਸਨ ਅਤੇ ਨਿਆਂ ਦੇ ਮਾਮਲਿਆ ਵਿਚ ਜੋ ਰਾਜਾ ਨਰਮੀ ਕਰਦਾ ਹੈ ਉਹ ਅਧਰਮ ਨੂੰ ਵਧਣ ਫੁੱਲਣ ਦਾ ਸੱਦਾ ਦਿੰਦਾ ਹੈ।

ਸਮ੍ਰਿਤੀ-ਕਾਲ ਵਿਚ ਮਨੁੱਖੀ ਪਰਿਵਾਰ ਦੀਆਂ ਲੋੜਾਂ-ਥੋੜਾਂ ਬੇਹੱਦ ਸੀਮਤ ਅਤੇ ਕੀਮਤਾਂ ਘੱਟ ਤੋਂ ਘੱਟ ਦੇ ਕਿਸੇ ਵੀ ਅਨੁਮਾਨ ਨਾਲੋਂ ਕਿਤੇ ਘੱਟ ਹੁੰਦੀਆਂ ਸਨ। ਯਕੀਨਨ ਸਮੇਂ ਦੇ ਸੌ ਵਿਉਹਾਰਕ ਸਿੱਕੇ ਚੋਖੀ ਵੱਡੀ ਪੂੰਜੀ ਸਮਝੇ ਜਾਂਦੇ ਹੋਣਗੇ। ਜਿਸ ਕਾਰਨ ਅਜਿਹੀ ਕਰੜੀ ਵਿਵਸਥਾ ਕੁ-ਨਿਆਂ ਨਹੀਂ ਕਹੀ ਜਾ ਸਕਦੀ ਹੋਵੇਗੀ। ਇੰਜ ਨਾ ਹੁੰਦਾ ਤਾਂ ਆਚਾਰੀਆਂ ਨੀਤੀਕਾਰ ਅਜਿਹੀ ਵਿਵਸਥਾ ਕਦੇ ਨਾ ਦਿੰਦਾ। ਆਖ਼ਿਰ ਵਿਵਸਥਾ ਦੇਣ ਵਾਲਾ ਵੀ ਤਾਂ ਬ੍ਰਾਹਮਣ ਹੀ ਹੋਵੇਗਾ। ਸਮਾਜ ਨੂੰ ਨਿਆਂਕਾਰੀ ਹਦ-ਬੰਦੀਆਂ ਵਿਚ ਸੁਖਾਵਾਂ ਵਿਚਰਦਾ ਰੱਖਣ ਲਈ ਇਹੋ ਜਿਹੇ ਪ੍ਰਤਿ-ਬੰਧ, ਹਰ ਯੁੱਗ ਵਿਚ, ਸਮੇਂ ਦੇ ਧਰਮ-ਕਰਮ ਦੇ ਪ੍ਰਬੰਧਕ ਆਚਾਰੀਆਂ ਨੂੰ ਪ੍ਰਜਾ ਦੇ ਹਿਤਾਂ ਲਈ ਆਪਣੇ ਉਨ੍ਹਾਂ ਵਰਗਾਂ ਦੇ ਜੀਵਨ-ਆਚਾਰ ਉੱਤੇ ਆਰੋਪਿਤ ਕਰਨੇ ਪੈਂਦੇ ਸਨ।

ਮਨਸ਼ਾ ਇਹ ਹੁੰਦਾ ਸੀ ਕਿ ਸਮਾਜ ਵਿਚ ਕੋਈ ਬੁੱਧੀ-ਵਾਦੀ ਕਲਾ-ਜੀਵੀ ਜਾਂ ਗਿਆਨ-ਜੀਵੀ ਆਪਣੇ ਕਿੱਤੇ ਦੇ ਰੁਝੇਵਿਆਂ ਵਿਚ ਉਲਝਿਆ ਪਰਿਵਾਰ ਦੀ ਉਪਜੀਵਿਕਾ ਜੁਟਾ ਸਕਣੋਂ ਆਰੀ ਹੋ ਕੇ ਨਾ ਰਹਿ ਜਾਵੇ ਜਾਂ ਆਤੁਰ ਨਾ ਹੋ ਜਾਵੇ। ਇਹ ਵੀ ਵੇਖਣਾ ਜ਼ਰੂਰੀ ਸੀ ਕਿ ਕੋਈ ਚਤੁਰ ਸੂਝਵਾਨ ਆਪਣੀ ਬਦਨੀਤੀ ਨਾਲ ਸਾਧਾਰਣ ਬੰਦਿਆਂ ਦੀ ਖੱਲ ਨਾਹ ਲਾਹ ਕੇ ਨਾਹਕ ਆਪਣਾ ਘਰ ਭਰਦਾ ਰਹੇ ਇਹ ਇਕ ਸੁਚੱਜੇ ਸੰਗਠਿਤ ਅਤੇ ਸੁਐ-ਸਮਰਥ ਸਮਾਜ ਦਾ ਸੰਤੁਲਿਤ ਸੰਕਲਪ ਸੀ। ਅਜਿਹੇ ਸਮਾਜ ਦਾ ਜਿਸ ਵਿਚ ਆਦ-ਰਸ਼ਕ ਕੀਮਤਾਂ-ਕਦਰਾਂ ਨੂੰ ਵਿਸ਼ੇਸ਼ ਮਾਣ ਦੇਣ ਦੀ ਰੀਤ ਹੋਵੇ। ਅਜਿਹਾ ਸਮਾਜ ਜਿਸ ਵਿਕ 'ਕੋਈ ਨ ਪਕੜੀਐ ਕਿਸੇ ਥਾਇ' ਦਾ ਨਿਯਮ ਦ੍ਰਿੜ ਕਰ ਕੇ ਪਾਲਿਆ ਜਾਵੇ।

ਇਕ ਨਵੇਂ ਸਮਾਜ ਦੀ ਸਿਰਜਣਾ ਦੀ ਲੋੜ ਤਦੋਂ ਤੋਂ ਪਈ ਜਦੋਂ ਤੋਂ ਪੱਛਮੀ ਇਸਲਾਮੀ ਧਾੜਾਂ ਨੇ ਭਾਰਤੀ ਸੰਸਕ੍ਰਿਤੀ ਦੀਆਂ ਨੀਹਾਂ ਨੂੰ ਕੁਰੇਦਣਾ ਆਰੰਭਿਆ। ਡਾ. ਰਾਮ ਰਤਨ ਭਟਨਾਗਰ ਨੇ ਆਪਣੇ ਇਕ ਲੇਖ ਵਿਚ ਲਿਖਿਆ ਹੈ :

> "ਇਸਲਾਮ ਦੀ ਅਰੋਕ ਜਿੱਤ ਦੇ ਫਲ-ਸਰੂਪ ਰਾਜਪੂਤ ਯੁਗ ਦੀ ਸੰਸਕ੍ਰਿਤੀ ਦਾ ਤਲਾ-ਮੂਲ ਉਖੜ ਗਿਆ ਅਤੇ ਉਸ ਦੇ ਥਾਂ ਵਿਦੇਸ਼ੀ ਅਤੇ ਵਿਜਾਤੀ ਇਸਲਾਮੀ ਸੰਸਕ੍ਰਿਤੀ ਹੀ ਆਪਣਾ ਚੋਲਾ ਬਦਲ ਕੇ ਆ ਟਿਕੀ।" —1500 ਈ: ਤੋਂ ਪਿਛੋਂ ਵੈਸ਼ਨਵ ਸੰਸਕ੍ਰਿਤੀ ਉੱਤਰ-ਭਾਰਤ ਵਿਚ ਸਾਰੇ ਛਾ ਜਾਂਦੀ ਹੈ ਅਤੇ ਨਵਾ ਜੀਵਨ-ਆਦਰਸ਼ ਮਹਾਨ ਸਾਧਕਾਂ ਅਤੇ ਕਵੀਆਂ ਦੀ ਸਾਧਨਾਂ ਵਿਚ ਪੂਰੀ ਤਰ੍ਹਾਂ ਵਿਗਸ

ਜਾਂਦਾ ਹੈ। ਕਲਾ-ਕੰਵਲ ਦੇ ਹਜ਼ਾਰ ਦਲ ਖੁੱਲਣ ਲਗਦੇ ਹਨ ਅਤੇ ਨਵੇਂ ਕੰਠ, ਨਵੇਂ ਸੁਰ, ਨਵੇਂ ਸੁਪਨੇ ਨਵੇਂ ਰੂਪ, ਨਵਾਂ ਸਾਹਿਤ, ਨਵੇਂ ਸੰਗੀਤ, ਨਵੇਂ ਚਿਤ੍ਰ ਅਤੇ ਨਵੀਆਂ ਕਿਰਤਾਂ ਦੇ ਰੂਪ ਵਿਚ ਨਵੀਂ ਜਾਗ੍ਰਤਿ ਬਣ ਜਾਂਦੇ ਹਨ। ..

ਡਾ. ਭਟਨਾਗਰ ਚੌਦ੍ਹਵੀਂ ਸਦੀ ਵਿਚ ਨਾਮਦੇਵ ਨੂੰ ਪੰਜਾਬ ਵਿਚ ਵੈਸ਼ਣਵ-ਵਾਦ ਦਾ ਪ੍ਰਚਾਰ ਕਰਦਾ ਦੇਖਦੇ ਹਨ, ਸਰਹੰਦ ਨੂੰ ਨਾਮਦੇਵ ਦੇ ਸਮੇਂ ਵੈਸ਼ਣਵ-ਵਾਦ ਦਾ ਕੇਂਦਰ ਬਣ ਗਿਆ ਮੰਨਦੇ ਹਨ (ਸੂਚਨਾ ਦਾ ਸਰੋਤ ਨਹੀਂ ਦਿੱਤਾ) ਫੇਰ ਕਹਿੰਦੇ ਹਨ "ਪੰਦ੍ਰਵ੍ਹੀ ਸਦੀ ਵਿਚ ਵੈਸ਼ਣਵ ਸਾਧਨਾ, ਨਿਰਗੁਣ ਸਾਧਨਾ ਦੇ ਰੂਪ ਵਿਚ ਨੋਲੀ। ਸਰਹਿੰਦ ਵਿਚ ਅਤੇ ਪੂਰਬੀ ਪੰਜਾਬ ਵਿਚ ਵਿਗਸੀ। ਇਸਦੇ ਪਹਿਲੇ ਮੋਢੀ ਗੁਰੂ ਨਾਨਕ ਕਹੇ ਜਾ ਸਕਦੇ ਹਨ। ਗੁਰੂ ਗਰੰਥ ਸਾਹਿਬ ਵਿਚ ਵੈਸ਼ਣਵ ਭਾਵਨਾ ਦੇ ਨਿਰਗੁਣ ਰੂਪ ਦਾ ਬੜਾ ਵਿਸਤਾਰ ਸੰਕਲਿਤ ਹੈ।

ਡਾ. ਭਟਨਾਗਰ ਦੀ ਗੁਰੂ ਸਾਹਿਬਾਨ (ਖ਼ਾਸ ਕਰਕੇ ਗੁਰੂ ਨਾਨਕ ਜੀ) ਬਾਰੇ ਜਾਣਕਾਰੀ ਬਹੁਤ ਓਪਰੀ ਹੈ। ਆਪਣੇ ਲੇਖ ਵਿਚ ਆਪ ਹੀ ਜੋ ਵੇਰਵਾ ਵੈਸ਼ਣਵਵਾਦ ਦੇ ਵਿਕਾਸ ਦਾ ਦਿੱਤਾ ਹੈ ਉਸੇ ਵਿਚ ਹੀ ਵੈਸ਼ਣਵਵਾਦ ਵਿਚ ਪਏ ਰਲਿਆਂ ਅਤੇ ਖੋਟ ਦਾ ਵੀ ਬਿਓਰਾ ਦਿੱਤਾ ਹੈ, ਉਸ ਨੂੰ ਦੇਖਦੇ ਹੋਏ ਕੋਈ ਸੂਝਵਾਨ ਗੁਰੂ ਨਾਨਕ ਜੀ ਨੂੰ ਉਸ ਗਦਲੇ ਵੈਸ਼ਣਵ-ਵਾਦ ਦਾ ਪੱਖੀ ਕਹਿਣ ਦੀ ਭੁੱਲ ਨਹੀਂ ਕਰ ਸਕਦਾ। ਆਪਦਾ ਇਹ ਕਥਨ ਕਿ —"ਅਸਲੋਂ ਵੈਸ਼ਣਵ ਧਰਮ ਦੇ ਮੱਧ-ਯੁੱਗੀ ਉੱਤਥਾਨ ਨੂੰ ਗੁਪਤ ਯੁੱਗ ਦੇ ਪੁਰਾਣਕ ਅਤੇ ਤਾਂਤ੍ਰਿਕ ਸੰਸਕ੍ਰਤੀਆਂ ਨਾਲ ਪੂਰੀ ਤਰ੍ਹਾਂ ਸੰਬੰਧਿਤ ਕੀਤਾ ਜਾ ਸਕਦਾ ਹੈ", ਕਹਿਣ ਤੋਂ ਪਿੱਛੋਂ ਗੁਰੂ ਜੀ ਦੇ ਉਸ ਦਾ ਪੱਖ-ਪਾਤੀ ਹੋਣ ਦਾ ਸੰਦੇਹ ਵੀ ਨਹੀਂ ਕੀਤਾ ਜਾ ਸਕਦਾ।

ਗੁਰੂ ਨਾਨਕ ਜੀ ਦੀ ਗੱਲ ਤਾਂ ਕਿਤੇ ਰਹੀ, ਉਹ ਕਬੀਰ ਵੀ, ਜਿਸ ਦੀ ਬਾਣੀ ਗੁਰੂ ਗਰੰਥ ਸਾਹਿਬ ਜੀ ਵਿਚ ਸ਼ਾਮਿਲ ਹੋਈ ਦੇਖ ਕੇ ਭੁਲੇਖਾ ਲੱਗਾ ਹੈ, ਅਜਿਹੇ ਕਿਸੇ ਡਾ. ਭਟਨਾਗਰ ਦੇ ਕਲਪਿਤ 'ਮਧਕਾਲੀਨ ਵੈਸ਼ਣਵ ਸੰਸਕ੍ਰਿਤੀ' ਦੇ ਵਿਚਾਰ ਪਰਵਾਹ ਨਾਲ ਸਾਂਝਾ ਕਰਨਾ ਕਬੂਲ ਨਹੀਂ ਕਰੇਗਾ ਜਿਸਨੇ ਜੈਨ ਅਤੇ ਬੋਧ ਆਚਾਰ ਵਿਚਾਰਾਂ ਤੋਂ ਬਹੁਤ ਕੁਝ 'ਗ੍ਰਹਿਣ ਕੀਤਾ ਹੋਵੇ', ਪਿਛੋਂ ਦੀਆਂ ਸਦੀਆਂ ਵਿਚ ਤਾਂਤ੍ਰਿਕ ਵਿਚਾਰ-ਧਾਰਾ ਨੂੰ ਵੀ ਗ੍ਰਹਿਣ ਕੀਤਾ ਹੋਵੇ, ਮਧੁਰਾ ਭਗਤਿ ਅਤੇ ਸਿੰਗਾਰ ਭਗਤੀ ਰਾਹੀਂ ਲੀਲਾਵਾਦ ਅਤੇ ਰਾਧਾਵਾਦ ਅਪਣਾਏ ਹੋਣ ਅਤੇ ਹੋਰ ਉਹ ਸਭ ਕੁਝ ਅਪਣਾਇਆ ਹੋਵੇ ਜਿਸ ਦੀ ਗਿਣਤੀ ਡਾ. ਭਟਨਾਗਰ ਨੇ ਵਿਸਤਾਰ ਨਾਲ ਕਰਵਾਈ ਹੈ। ਸਣੇ ਉਨ੍ਹਾਂ ਵਿਰੋਧੀ ਅਤੇ ਜ਼ਾਤੀ ਤੱਤਾਂ ਦੇ ਜੋ ਉਸ ਵਿਚ ਖਪ ਗਏ ਸਨ।

ਸ਼ਿਵ ਬਰਤ ਲਾਲ ਵਰਮਨ ਨੇ ਗੁਰੂ ਨਾਨਕ ਜੀ ਦੇ ਵਿਰੋਧੀ ਵਿਚਾਰ ਧਾਰਾ ਵਾਲਿਆਂ ਬਾਰੇ ਬਿਓਹਾਰ ਵਿਧੀ ਦਾ ਵਿਸ਼ਲੇਸ਼ਣ ਕਰਦੇ ਹੋਏ ਲਿਖਿਆ ਹੈ :

ਕਿਧਰੇ ਵੀ ਉਨ੍ਹਾਂ ਸਖਤੀ ਨਾਲ ਕਿਸੇ ਵਿਸ਼ਵਾਸ ਦਾ ਖੰਡਨ ਨਹੀਂ ਕੀਤਾ। ਉਹ ਜਾਣਦੇ ਸਨ ਜਦੋਂ ਮਾਨਵ ਅਸਲੀਅਤ ਵੱਲ ਝੁਕੇਗਾ ਪਲੋਥਣਾਂ ਤੋਂ ਆਪ ਕਿਨਾਰਾ

ਕਰ ਜਾਵੇਗਾ। ਇਹ ਖ਼ੂਬੀ ਤੁਹਾਨੂੰ ਕੇਵਲ ਨਾਨਕ ਜੀ ਦੀ ਸਿਖਿਆ ਲੜੀ ਵਿਚ ਨਜ਼ਰ ਆਵੇਗੀ। ਉਨ੍ਹਾਂ ਦੀ ਸਿਖਿਆ ਦਾ ਨਿਚੋੜ ਆਧਾਰਿਤ ਸੀ, ਯੋਗ ਵੇਦਾਂਤ ਅਤੇ ਨਿਆਇ ਉੱਤੇ, ਸੂਫ਼ੀਮਤ ਉਨ੍ਹਾਂ ਦੀ ਜਿੰਦ ਜਾਨ ਸੀ। ਪਰਮਾਤਮਾ ਦੇ ਪ੍ਰੇਮ ਤੋਂ ਬਿਨਾਂ ਉਸ ਵਿਚ ਕਿਸੇ ਨੂੰ ਦਖਲ ਨਹੀਂ ਸੀ।

ਗੁਰੂ ਨਾਨਕ ਦੇ ਚਿੰਤਨ ਨੂੰ ਸਮਝਣ ਲਈ ਸਾਨੂੰ ਯੋਗ, ਵੇਦਾਂਤ ਅਤੇ ਨਿਆਯ ਦੀ ਪਰਿਭਾਸ਼ਾਂ ਵੱਖਰੀ ਕਰਨੀ ਹੋਵੇਗੀ। ਉਨ੍ਹਾਂ ਦਾ ਯੋਗ ਕੀਰਤਨ-ਯੋਗ ਹੈ ਜਿਸ ਵਿਚ ਗਤੀ, ਸੁਰ ਅਤੇ ਸ਼ਬਦ ਇੱਕ ਦੂਜੇ ਨਾਲ ਜੁੜ ਕੇ ਨਵੀਂ ਸਾਰਥਕਤਾ ਬਣਾਉਂਦੇ ਹਨ। ਗੁਰੂ ਦਾ ਵੇਦਾਂਤ, ਵੇਦਾਂਤ ਸੁਝਾਉਂਦਾ ਹੈ "ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰ" ਅਤੇ ਨਿਆਯ ਹੈ "ਹਮ ਨਹੀਂ ਚੰਗੇ ਬੁਰਾ ਨਹੀਂ ਕੋਈ।" ਡਾ. ਹਜ਼ਾਰੀ ਪ੍ਰਸਾਦ ਦਾ ਮਤ ਹੈ :

"ਗਤਿ ਅਸੀਮ ਹੈ, ਤਾਲਾਂ ਵਿਚ ਬੱਝ ਕੇ ਸੀਮਿਤ ਹੋ ਜਾਂਦੀ ਹੈ ਅਤੇ ਇਕ ਰੂਪ ਗ੍ਰਹਿਣ ਕਰਦੀ ਹੈ", "ਸੁਰ ਅਨੰਤ ਹੈ, ਛੰਦ ਉਸਨੂੰ ਸੀਮਾ ਵਿਚ ਬੰਨ੍ਹਣ ਦਾ ਪ੍ਰਯਤਨ ਹੈ", ਇਵੇਂ ਹੀ ਸ਼ਬਦ ਅਸੀਮ ਹੈ, ਅਪਾਰ ਹੈ। ਅਰਥ ਰਾਹੀਂ ਉਸ ਨੂੰ ਭਾਸ਼ਾ ਵਿਚ ਬੰਨ੍ਹੀਦਾ ਹੈ। ਇਨ੍ਹਾਂ ਦਾ ਜੁੜਨਾ ਹੀ ਕੀਰਤਨ ਹੈ।

ਇਸ ਕੀਰਤਨ ਦਾ ਮਹੱਤਵ ਇੱਕ ਨਵਾਂ ਮਨੁੱਖ ਸਿਰਜਣ ਵਿਚ ਹੈ, ਉਹ ਨਵਾਂ ਮਨੁੱਖ ਜੋ ਕੀਰਤਨ ਲਈ ਜੁੜੀ ਸੰਗਤ ਵਿਚੋਂ ਜਨਮ ਲੈਂਦਾ ਹੈ ਅਤੇ ਜਿਸਦਾ ਨਿਸ਼ਾਨਾ ਇੱਕ ਦੂਜੇ ਨੂੰ ਸਾਂਝਾਂ ਰਾਹੀਂ ਸਮਝਣਾ ਸਮਝਾਉਣਾ ਹੈ। ਜਿਸ ਨੂੰ ਇਸ ਆਪਸੀ ਬੋਧ ਤੋਂ ਪਤਾ ਚਲਦਾ ਹੈ :

"ਐਸੀ ਕਲਾ ਨ ਖੇਡੀਐ ਜਿਤੁ ਦਰਗਹਿ ਗਇਆ ਹਾਰੀਐ।"

ਅਤੇ, ਜਿਸ ਦੇ ਜੀਵਨ ਦਾ ਆਦਰਸ਼ ਇਹੋ ਰਹੇ :

"ਹਮ ਨਹੀਂ ਚੰਗੇ ਬੁਰਾ ਨਹੀਂ ਕੋਇ ਪ੍ਰਣਵਤਿ ਨਾਨਕ ਤਾਰੇ ਸੋਇ।"

ਅਜਿਹੇ ਸਮਾਜ ਵਿਚ ਵੈਰ, ਵਿਰੋਧ, ਬਖੀਲੀ, ਹਿੰਸਾ, ਦ੍ਵੈਤ, ਛੂਤ-ਛਾਤ, ਉਚ-ਨੀਚ ਜਿਹੇ ਸੰਕਲਪਾਂ ਲਈ ਅਵਸਰ ਹੀ ਨਹੀਂ ਬਚ ਰਹਿੰਦਾ। ਜ਼ਿੰਦਗੀ ਆਪਣੀ ਜੀਵਨ-ਯਾਤ੍ਰਾ ਦੇ ਮਾਰਗ ਉਤੇ ਇੱਕ ਨਵਾਂ ਅਤੇ ਸੁਖਾਵਾ ਮੋੜ ਕੱਟਣ ਦੀ ਕ੍ਰਿਆ ਸਿਖਦੀ ਹੈ।

---

2. ਹਿੰਦੀ ਅਨੁਸ਼ੀਲਨ, ਇਲਾਹਾਬਾਦ, ਧੀਰੇਂਦ੍ਰ ਵਰਮਾ ਅੰਕ, ਪੰਨਾ 247-260.

3. ਵਰਮਨ, ਸ਼ਿਵ ਬਰਤ ਲਾਲ, ਐਮ. ਏ., ਪੰਜਾਬੀ ਸੂਰਮਾ, ਭਾਗ ਪਹਿਲਾ, ਲਾਹੌਰ, 1908, (ਉਰਦੂ) ਸਫ਼ਾ 25.

4. ਦੁਵੇਦੀ, ਹਜ਼ਾਰੀ ਪ੍ਰਸਾਦ, ਹਿੰਦੀ ਅਨੁਸ਼ੀਲਨ, ਧੀਰੇਂਦ ਵਰਮਾ ਅੰਕ, ਇਲਾਹਾਬਾਦ, ਪੰਨਾ 485.

ਸਿੱਖੀ, ਅਜਿਹੇ ਸਜੀਵ ਸਮਾਜ ਦੀ ਸਥਾਪਨਾ ਲਈ ਇੱਕ ਨਵਾਂ ਪਾਠ-ਕ੍ਰਮ ਹੈ, ਜੋ ਦਸ ਗੁਰੂਆਂ ਨੇ ਆਦਰਸ਼ਾਂ ਨੂੰ ਜੀ ਕੇ, ਕ੍ਰਿਯਾਤਮਕ ਢੰਗ ਨਾਲ ਦਸ ਪਾਠਾਂ ਵਿਚ ਪੜ੍ਹਾਇਆ ਸੀ। ਇਸ ਸਮਾਜ ਦਾ ਹਰ ਜੀਵ ਪਰਿਵਾਰ ਲਈ; ਹਰ ਪਰਿਵਾਰ ਪਰਿਵਾਰ ਦੇ ਅੰਗਾਂ ਲਈ: ਅਤੇ ਹਰ ਪਰਿਵਾਰ ਸਮਾਜ ਲਈ; ਹਰ ਸਮਾਜ ਆਪਣੇ ਦੇਸ਼ ਅਤੇ ਆਪਣ ਸਮਾਜਿਕਾਂ ਲਈ, ਹਰ ਦੇਸ਼ ਆਪਣੇ ਦੇਸ਼-ਵਾਸੀਆਂ ਅਤੇ ਮਾਨਵਤਾ ਲਈ ਅਤੇ ਸਾਰੀ ਮਾਨਵਤਾ ਮਾਨਵ ਇਕਾਈ ਲਈ ਸੁਖ ਦੇ ਸਾਧਨ ਜੁਟਾਣ ਲਈ ਇੱਕ ਸਾਂਝੀ ਉਨਤੀ ਦੇ ਸੰਗਠਨ ਦੀ ਸੰਚਾਲਕ ਇਕਾਈ ਹੋਵੇਗੀ। ਇਹੀ ਉਹ ਸਰਬਤ ਦੇ ਭਲੇ ਦਾ ਆਦਰਸ਼ਕ ਸੰਕਲਪ ਹੈ, ਜਿਸ ਵਿਚ ਹਰ ਸਿੱਖ ਆਪਣੇ ਅਕਾਲ ਪੁਰਖ ਦੇ ਹਜ਼ੂਰ ਦਿਨ ਵਿਚ ਘੱਟੋ ਘੱਟ ਤਿੰਨ ਵਾਰੀ ਅਰਦਾਸ ਕਰਦਾ ਹੈ।

# ਸ੍ਰੀ ਹਰਿਮੰਦਰ ਸਾਹਿਬ ਦੇ ਰਾਗੀਆਂ ਰਬਾਬੀਆਂ ਦਾ ਹਾਲ

—ਗਿਆਨੀ ਗਿਆਨ ਸਿੰਘ

ਪਹਿਲੇ ਪਹਿਲ ਗੁਰੂ ਨਾਨਕ ਦੇਵ ਜੀ ਦੇ ਪਾਸ ਸ਼ਬਦ ਅਲਾਪ ਕਰਨ ਦੇ ਵਾਸਤੇ ਭਾਈ ਮਰਦਾਨਾਂ ਤੇ ਉਸ ਦੀ ਅੰਸ ਹੀ ਰਹਿੰਦੀ ਸੀ, ਗੁਰੂ ਅੰਗਦ ਦੇਵ ਜੀ ਤੋਂ ਗੁਰੂ ਅਰਜਨ ਦੇਵ ਜੀ ਤੱਕ ਸੱਤਾ ਬਲਵੰਡ ਆਦਿ ਰਬਾਬੀ ਸ਼ਬਦ ਕੀਰਤਨ ਕਰਦੇ ਰਹੇ ਅਰ ਗੁਰੂ ਘਰ ਤੋਂ ਇੱਜ਼ਤ ਅਰ ਮਰਤਬਾ ਪ੍ਰਾਪਤ ਕਰਕੇ ਲਾਭ ਉਠਾਉਂਦੇ ਰਹੇ ।

ਇਕ ਦਿਨ ਉਪ੍ਰੋਕਤ ਰਬਾਬੀਆਂ ਨੇ ਪ੍ਰਿਥੀ ਚੰਦ ਆਦਿ (ਗੁਰੂ ਘਰ ਨਾਲ ਈਰਖਾ ਤੇ ਵਿਰੋਧ ਰਖਣ ਵਾਲਿਆਂ) ਦੇ ਭੜਕਾਉਣ ਨਾਲ ਗੁਰੂ ਅਰਜਨ ਦੇਵ ਜੀ ਪਾਸੋਂ ਸੰਗਤਾਂ ਵਲੋਂ ਆਈ ਪੂਜਾ ਭੇਟ ਦਾ ਅੱਧਾ ਹਿੱਸਾ ਵੰਡਾਉਣ ਦਾ ਆਪਣੇ ਆਪ ਨੂੰ ਹੱਕਦਾਰ ਜਤਾਇਆ । ਇਸ ਪਰ ਗੁਰੂ ਸਾਹਿਬ ਜੀ ਨੇ ਉਨ੍ਹਾਂ ਦੀ ਲੋੜ ਅਨੁਸਾਰ ਬਹੁਤ ਸਾਰੀ ਮਾਯਾ ਉਨ੍ਹਾਂ ਨੂੰ ਬਖਸ਼ੀ ਅਤੇ ਦੱਸਿਆ ਕਿ ਹਿੱਸਾ ਆਦਿ ਮੰਗਣਾ ਤੁਹਾਡੀ ਭੁੱਲ ਹੈ । ਇਸ ਤੇ ਸਭ ਰਬਾਬੀ ਏਕਾ ਕਰਕੇ ਸ਼ਬਦ ਕੀਰਤਨ ਕਰਨੋਂ ਹਟ ਗਏ, ਅਤੇ ਥਾਂ ਥਾਂ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਪਹਿਲੇ ਸਤਿਗੁਰਾਂ ਜੀ ਦੀ ਸ਼ਾਨ ਵਿਚ ਮੰਦੇ ਬੋਲ ਬੋਲਕੇ ਆਪਣੀ ਅਕ੍ਰਿਤਘਣਤਾ ਦਾ ਸਬੂਤ ਦੇਣ ਲੱਗੇ ।

ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਦੀ ਏਹ ਭੈੜੀ ਕਰਤੂਤ ਦੇਖਕੇ ਹੁਕਮ ਦਿਤਾ ਕਿ "ਅੱਜ ਤੋਂ ਕੋਈ ਗੁਰੂ ਕਾ ਸਿਖ ਇਨ੍ਹਾਂ ਡੂਮਾਂ ਨਾਲ ਸੰਬੰਧ ਨਾ ਰੱਖੇ, ਅਤੇ ਨਾ ਇਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਸਹਾਇਤਾ ਦੇਵੇ, ਅਤੇ ਨਾ ਇਨ੍ਹਾਂ ਪਾਸੋਂ ਕੋਈ ਰਾਗ ਸੁਣੇ, ਬਲਕਿ ਸਾਡੇ ਪਾਸ ਇਨ੍ਹਾਂ ਦਾ ਕੋਈ ਨਾਮ ਤੱਕ ਨਾ ਲਵੇ ਤੇ ਨਾ ਇਨ੍ਹਾਂ ਬਾਬਤ ਸਫਾਰਸ਼ ਕਰੇ । ਜੇ ਕੋਈ ਆਦਮੀ ਇਸ ਹੁਕਮ ਦੇ ਵਿਰੁੱਧ ਕਰੇਗਾ ਤਾਂ ਉਸ ਦਾ ਮੂੰਹ ਕਾਲਾ ਕਰ, ਖੋਤੇ ਤੇ ਸਵਾਰ ਕਰਾ, ਜੁੱਤੀਆਂ ਦਾ ਹਾਰ ਗਲ ਵਿਚ ਪਾ, ਪਿੱਛੇ ਪਿੱਛੇ ਮੁੰਡਿਆਂ ਪਾਸੋਂ ਤੌੜੀਆਂ ਅਤੇ ਢੋਲ ਵਜਵਾ, ਸ਼ੈਹਰ ਵਿਚ ਫਿਰਾਇਆ ਜਾਏਗਾ, ਕਿਉ ਕਿ ਇਨ੍ਹਾਂ ਪਾਪੀ ਰਬਾਬੀਆਂ ਨੇ ਸਾਡੇ ਬਜ਼ੁਰਗ ਸਤਿਗੁਰਾਂ ਦੀ ਬਹੁਤ ਬੇਅਦਬੀ ਕੀਤੀ ਹੈ ।

ਗੁਰੂ ਜੀ ਨੇ ਇਹ ਹੁਕਮ ਦੇ ਕੇ ਰਬਾਬੀਆਂ ਨੂੰ ਦੂਰ ਕੀਤਾ, ਅਤੇ ਆਪਣੇ ਦਰਬਾਰ ਵਿਚ ਸ਼ਬਦ ਕੀਰਤਨ ਵਾਸਤੇ ੧੬੫੮ ਬਿਕ੍ਰਮੀ ਵਿਚ ਭਾਈ ਹਰੀ ਰਾਮ, ਗੁਰ ਸਰਨ ਤੇ ਸਾਹਬ ਰਾਮ ਆਦਿ ਸਿੱਖਾਂ ਨੂੰ ਰਾਗ ਕਰਨ ਦੀ ਆਗਿਆ ਕੀਤੀ, ਇਸ ਪਰ ਵੀ ਉਨ੍ਹਾਂ ਹੰਕਾਰੀ ਰਬਾਬੀਆਂ ਨੇ ਅਖਵਾ ਭੇਜਿਆ ਕਿ "ਕੀ ਹੋਇਆ ਜੇ ਸਿੱਖਾਂ ਪਾਸੋਂ ਸ਼ਬਦ ਕੀਰ-ਤਨ ਕਰਵਾ ਲਿਆ, ਇਨ੍ਹਾਂ ਨੂੰ ਤਾਂ ਰਾਗ ਵਿੱਦਿਆ ਦੀ ਕੋਈ ਸੂਝ ਹੀ ਨਹੀਂ । ਭਲਾ ਜੇ ਉਨ੍ਹਾਂ ਨੇ ਕੁਝ ਰਾਗ ਕਰ ਹੀ ਲਿਆ ਤਾਂ ਕੇਹੜੀ ਮਾਣ ਦੀ ਗੱਲ ਹੈ, ਜਦ ਕਿ ਸਾਰੇ ਸਾਜ, ਰਬਾਬ, ਸਰੰਗੀ, ਕਛੂਆ ਤੇ ਮਰਦੰਗ ਆਦਿ ਸਾਡੇ ਬਜ਼ੁਰਗਾਂ ਦੇ ਹੀ ਬਨਾਏ ਹੋਏ ਹਨ ?

ਏਹ ਸੁਣਕੇ ਗੁਰੂ ਸਾਹਿਬ ਜੀ ਨੇ ਉਨ੍ਹਾਂ ਦਾ ਹੰਕਾਰ ਤੋੜਨ ਹਿਤ ਪਿਛਲੇ ਸਾਰੇ ਸਾਜ ਉਡਵਾ ਦਿੱਤੇ ਅਤੇ ਸਾਰੰਗੀ ਦੀ ਥਾਂ "ਸਰੰਦਾ" ਅਤੇ ਮਰਦੰਗ ਦੀ ਥਾਂ "ਜੋੜੀ" ਤਿਆਰ ਕਰ ਸਿੱਖਾਂ ਪਾਸੋਂ ਰਾਗ ਕਰਾਉਣਾ ਆਰੰਭ ਕੀਤਾ, ਜਿਨ੍ਹਾਂ ਨੇ ਗੁਰੂ ਸਾਹਿਬ ਜੀ ਦੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਬਹੁਤ ਥੋੜ ਚਿਰ ਵਿੱਚ ਪੂਰੀ ਰਾਗ ਵਿੱਦਿਯਾ ਪ੍ਰਾਪਤ ਕਰ ਲਈ।

ਜਦ ਰਬਾਬੀਆਂ ਤੋਂ ਬਿਨ੍ਹਾਂ ਵੀ ਰਾਗ ਉੱਨਤੀ ਹੋਣ ਲੱਗੀ ਤੇ ਰਬਾਬੀਆਂ ਟੱਬਰ ਸਤਿਗੁਰੂ ਸਾਹਿਬਾਨ ਦੀ ਬੇ ਅਦਬੀ ਕਰਨ ਦੇ ਕਾਰਨ ਕੋੜ੍ਹ ਨਾਲ ਰੋਗੀ ਹੋ ਗਿਆ ਤੇ ਭੁੱਖੇ ਮਰਨ ਲੱਗੇ ਤਾਂ ਹਰ ਇਕ ਸਿੱਖ ਪਾਸੋਂ ਖਿਮਾਂ ਦੇ ਯਾਚਕ ਹੋਏ, ਤੇ ਆਪਣੀ ਕੀਤੀ ਭੁੱਲ ਪਰ ਪਸਚਾਤਾਪ ਕਰਨ ਲੱਗੇ ਪਰ ਗੁਰੂ ਸਾਹਿਬ ਜੀ ਵਲੋਂ ਹੋਏ ਹੁਕਮ ਤੋਂ ਡਰਦਾ ਕਈ ਸਿੱਖ ਇਨ੍ਹਾਂ ਸਫਾਰਸ਼ ਗੁਰੂ ਸਾਹਿਬ ਪਾਸ ਨਹੀਂ ਕਰਦਾ ਸੀ। ਭਾਈ ਲੱਧਾ ਜੀ ਨੇ ਜੋ ਗੁਰੂ ਸਾਹਿਬ ਜੀ ਦੇ ਬੜੇ ਪ੍ਰੇਮੀ ਅਤੇ ਸ਼ਰਧਾਵਾਨ ਸਿੱਖ ਸਨ ਇਨ੍ਹਾਂ ਦੋਸ਼ੀ ਡੂਮਾਂ ਉਤੇ ਤਰਸ ਖਾਕੇ ਉਨ੍ਹਾਂ ਦੀ ਬਲਾ ਤੇ ਸਤਿਗੁਰੂ ਜੀ ਦੇ ਹੁਕਮ ਅਦੂਲੀ ਦੀ ਨਾਰਾਜ਼ਗੀ ਆਪਣੇ ਸਿਰ ਲੈਕੇ ਇਨ੍ਹਾਂ ਨੂੰ ਖਿਮਾਂ ਦਿਵਾਣ ਲਈ ਸਤਿਗਰੂ ਜੀ ਦੇ ਹੁਕਮ ਅਨੁਸਾਰ ਆਪਣਾ ਮੂੰਹ ਕਾਲਾ ਕਰ ਖੋਤੇ ਤੇ ਸਵਾਰ ਹੋ ਸਾਰੇ ਸ਼ਹਿਰ ਵਿਚ ਫਿਰਕੇ ਸਤਿਗੁਰੂ ਜੀ ਦੇ ਹਜ਼ੂਰ ਹਾਜ਼ਰ ਹੋ ਕੇ ਇਨ੍ਹਾਂ ਰਬਾਬੀਆਂ ਦੀ ਭੁੱਲ ਬਖਸ਼ਣ ਲਈ ਸਤਿਗੁਰੂ ਜੀ ਦੀ ਸੇਵਾ ਵਿੱਚ ਬੇਨਤੀ ਕੀਤੀ। ਭਾਈ ਲੱਧਾ ਜੀ ਦੇ ਇਸ ਪਰ ਉਪਕਾਰ ਵਾਲੇ ਭਾਵ ਨੂੰ ਦੇਖਕੇ ਸਤਿਗੁਰੂ ਜੀ ਭਾਈ ਲੱਧਾ ਪਰ ਬਹਤ ਪ੍ਰਸੰਨ ਹੋਏ ਤੇ ਫ਼ਰਮਾਇਆ ਕਿ "ਧੰਨ ਭਾਈ ਲੱਧਾ ਪਰਉਪਕਾਰੀ! ਧੰਨ ਭਾਈ ਲੱਧਾ ਪਰਉਪਕਾਰੀ" ਅਤੇ ਸਾਰੇ ਦੋਸ਼ੀ ਰਬਾਬੀਆਂ ਨੂੰ ਏਹ ਹੁਕਮ ਦੇਕੇ ਕਿ ਤੁਸੀਂ ਜਿਸ ਤਰ੍ਹਾਂ ਸਾਡੇ ਬਜ਼ੁਰਗ ਸਤਿਗੁਰੂ ਸਹਿਬਾਨ ਦੀ ਨਿੰਦਾ ਕੀਤੀ ਹੈ, ਉਸੇ ਤਰ੍ਹਾਂ ਸਤਿਗੁਰੂ ਜੀ ਦੀ ਉਸਤਤ ਕਰਕੇ ਆਪਣਾ ਘਰ ਪਾਪ ਧੋਵੋ, ਤਾਂ ਉਨ੍ਹਾਂ ਰਬਾਬੀਆਂ ਸੱਤੇ ਬਲਵੰਡ ਨਾਮੀ ਨੇ ਸਤਿਗਰੂ ਸਾਹਿਬਾਨ ਦੀ ਉਸਤਤ ਵਿਚ ਰਾਗ ਰਾਮ ਕਲੀ ਵਿਚ ਲਿਖੀ 'ਵਾਰ' ਗਾਇਨ ਕੀਤੀ ਤਾਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਖਿਮਾਂ ਬਖਸ਼ਕੇ ਸਿੱਖ ਸੰਗਤਾਂ ਵਿਚ ਸ਼ਬਦ ਕੀਰਤਨ ਕਰਨ ਦੀ ਆਗਿਆ ਦਿੱਤੀ। ਭਾਵੇਂ ਸੱਤੇ ਬਲਵੰਡ ਦੀ ਸੰਤਾਨ ਭਾਈ ਅਤਰਾ ਆਦਿ ਰਬਾਬੀ ਨੇ ਭਾਈ ਸੰਤ ਸਿੰਘ ਜੀ ਗਿਆਨੀ ਦੀ ਖੁਸ਼ਾਮਦ ਕੀਤੀ, ਉਸ ਨੇ ਉਸੇ ਨੂੰ ਸ੍ਰੀ ਹਰਮਿੰਦਰ ਜੀ ਵਿਚ ਸ਼ਬਦ ਚੌਂਕੀ ਕਰਨ ਦੀ ਆਗਿਆ ਦੇ ਦਿਤੀ। ਇਸ ਤਰ੍ਹਾਂ ਚੌਂਕੀ ਕਰਨ ਵਾਲਿਆਂ ਦੀ ਗਿਣਤੀ ਬਹੁਤ ਵਧ ਗਈ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :-

ਰਾਗੀਆਂ ਵਿਚੋਂ ਪਹਿਲੇ ਪਹਿਲ ਭਾਈ ਮੱਸਾ ਸਿੰਘ ਰਾਗੀ ਬਹੁਤ ਚਿਰ ਤੱਕ ਆਸਾ ਦੀ ਵਾਰ ਦੀ ਚੌਂਕੀ ਕਰਦਾ ਰਿਹਾ, ਜਿਸ ਨੇ ਸੰਤਾਨ ਨਾ ਹੋਣ ਕਰਕੇ ਆਪਣੇ ਦੋਹਤਰੇ ਭਾਈ ਮਾਨ ਸਿੰਘ ਨੂੰ ਮੁਤਬੰਨਾ ਬਣਾਕੇ ਆਪਣੀ ਥਾਂ ਕਾਇਮ ਕੀਤਾ, ਜਿਸ ਨੂੰ ਸਾਰੇ ਸਿੱਖ, ਵੱਲੋਂ ਸਿਰੋਪਾ ਮਿਲਣ ਤੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਵੀ ਸਿਰੋਪਾ ਤੇ ਕੁਝ ਜ਼ਗੀਰਾਂ ਬਖ਼ਸ਼ ਦਿਤੀ। ਉਸ ਦੇ ਸ਼ਗਿਰਦ ਤੇ ਉਸਦੀ ਸੰਤਾਨ ਭਾਈ ਜੀਤ ਸਿੰਘ ਆਦਿ ਹੁਣ ਤੱਕ ਸ੍ਰੀ ਦਰਬਾਰ ਸਾਹਿਬ ਜੀ ਵਿੱਚ ਆਸਾ ਦੀ ਵਾਰ ਦੀ ਚੌਂਕੀ ਕਰਦੇ ਹਨ, ਸਾਰੇ ਰਾਗੀਆਂ ਰਬਾਬੀਆਂ ਨੂੰ ੨੯੩) ਰੁਪੈ ਮਾਹਵਾਰ ਸ੍ਰੀ ਦਰਬਾਰ ਸਾਹਿਬ ਜੀ ਖ਼ਜਾਨੇ ਵਿਚੋਂ ਮਿਲਦੇ ਹਨ ॥

# ਦਰਬਾਰ ਸਾਹਿਬ ਦੇ ਰਾਗੀਆਂ, ਰਬਾਬੀਆਂ ਦਾ ਵੇਰਵਾ

| ਨੰ: | ਰਾਗ ਚੌਂਕੀ | ਰਾਗੀਆਂ ਦੇ ਨਾਂ | ਗਿਣਤੀ | ਵੇਲਾ ਤਬਦੀਲੀ | ਵੇਰਵਾ |
|---|---|---|---|---|---|
| ੧. | ਆਸਾ ਦੀ, ਵਾਰ | ਭਾਈ ਚੇਤ ਸਿੰਘ ਹਜ਼ਾਰਾ, ਸਿੰਘ | ੧੦ ਆਦਮੀ | ਡੇਢ ਪਹਿਰ ਰਾਤ ਤੋਂ ਇਕ ਘੜੀ, ਦਿਨ ਚੜ੍ਹੇ ਤਕ | ੧੧ ਘੜੀਆਂ |
| ੨. | ਬਿਲਾਵਨ, | ਮਿਸਰਾ ਸਿੰਘ* ਕਪੂਰ ਸਿੰਘ, ਮੱਖਣ ਸਿੰਘ | ੪ ਆਦਮੀ, | ਚਾਰ ਘੜੀ ਦਿਨ ਚੜ੍ਹੇ ਤਕ | ੪ ਘੜੀਆਂ |
| ੩. | | ਪੈੜਾ ਸਿੰਘ ਕਿਸ਼ਨ ਸਿੰਘ, ਗੁਰਦਿੱਤ ਸਿੰਘ ਆਦਿ | ੩ ਆਦਮੀ | ਪੈਹਰ ਦਿਨ, ਚੜ੍ਹੇ ਤਕ | ੪ ਘੜੀਆਂ |
| ੭. | | ਭਾਈ ਮਾਲਾ, ਹੁਸੈਨਾ, | ੬ ਆਦਮੀ | ੩ ਘੜੀ | (ਰਬਾਬੀ) |
| ੪. | | ਰਤਨ ਸਿੰਘ ਕਰਮ ਸਿੰਘ ਮੰਗਲ ਸਿੰਘ | ੩ ਆਦਮੀ, | ੪ ਘੜੀ, | ੪ ਘੜੀਆਂ |
| ੫. | | ਗੰਡਾ ਸਿੰਘ ਜਮੀਤ ਸਿੰਘ, ਮੰਗਲ ਸਿੰਘ | ੩ ਆਦਮੀ, | ੩ ਘੜੀ | |
| ੬. | ਆਨੰਦ | ਮਾਨ ਸਿੰਘ ਅਮੀਰ ਸਿੰਘ, ਬੋਹੀ ਆਦਿ | ੨ ਆਦਮੀ, | ੨ ਘੜੀ | ੧) ਦਿਹਾੜੀ |
| ੮. | ਚਰਨ ਕਵਲ | ਗੁਲਾਬ, ਮੇਹਤਾ, ਸਾਧੂ | ੪ ਆਦਮੀ, | ੩ ਘੜੀ | ॥) ਦਿਹਾੜੀ |
| ੯. | | ਭਾਈ ਰਾਓ, ਲਾਡਾ, ਫੇਰੂ ਈਦੂ | ੫ ਆਦਮੀ, | ੩ ਘੜੀ | ੧) ਦਿਹਾੜੀ |
| ੧੦. | ਕਥਾ ਸ੍ਰੀ ਗੁਰੂ ਗਰੰਥ ਸਾਹਿਬ ਜੀ | ਭਾਈ ਗੁਰਬਖਸ਼ ਸਿੰਘ, | ੧ ਆਦਮੀ, | ੨ ਘੜੀ | ੧) ਦਿਹਹਾੜੀ |

*ਏਹਨਾਂ ਦੀ ਸਿਫਤ ਮਹੰਤ ਗੱਜਾ ਸਿੰਘ ਜੀ ਦੀ ਰਾਹੀਂ ਸੁਣਕੇ ਮਹਾਰਾਜਾ ਸਾਹਿਬ ਭੂਪੇਂਦ੍ਰ ਸਿੰਘ ਬਹਾਦਰ ਪਟਿਆਲਾ ਨੇ ਏਹਨਾਂ ਪਾਸੋਂ ਸੰਗੀਤ ਸ਼ਾਸਤ੍ਰ ਬਣਾਉਣ ਲਈ ੧੨੫) ਮਹੀਨੇ ਤੇ ਕੁਛ ਚਿਰ ਲਈ ਨੌਕਰ ਰੱਖਯਾ ਸੀ ।

| | | | | |
|---|---|---|---|---|
| ੧੧. | ਭਾਈ ਅਤਰਾ ਤੇ ਵਧਾਵਾ, | ੪ ਆਦਮੀ, | ੩ ਘੜੀ | ≡) ਦਿਹਾੜੀ |
| ੧੨. | ਭਾਈ ਦਿੱਤੂ, ਜੰਮੂ, ਮੰਮੂ, | ੫ ਆਦਮੀ | ੨ ਘੜੀ | ।≡) ਦਿਹਾੜੀ |
| ੧੩, | ਸਾਹਿਬ, ਅਮੀਰਾਂ ਭਾਈ, ਝੰਡਾ, ਮੇਹਰਾ | ੪ ਆਦਮੀ | ੩ ਘੜੀ | ॥) ਦਿਹਾੜੀ |
| ੧੪ | ਭਾਈ ਬਿਸ਼ਨ ਸਿੰਘ, ਬੁਧ ਸਿੰਘ ਆਦਿ | ੪ ਆਦਮੀ, | ੨ ਘੜੀ | ॥) ਦਿਹਾੜੀ |
| ੧੫ | ਨੱਥੂ ਰੱਖੂ ਖੈਰਾ ਆਦਿ, | ੬ ਆਦਮੀ, | ੨ ਘੜੀ | ॥) ਦਿਹਾੜੀ |
| ੧੬ | ਮੰਗਲ ਸਿੰਘ ਰਾਮ ਸਿੰਘ | ੪ ਆਦਮੀ, | ੧ ਘੜੀ | |
| ੧੭ | ਅਸਵਾਰਾ ਸਾਹਿਬ | | | ਚੌਕੀ ਸਾਹਿਬ ਦੇ ਨਾਲ ਭੋਗ ਪੈਕੇ ਸੰਤੋਖਿਆ ਜਾਂਦਾ ਹੈ |

# ਧਾਰਮਿਕ ਦੀਵਾਨਾਂ ਵਿਚ ਸੁਧਾਰ ਦੀ ਲੋੜ

—ਡਾ, ਮਾਨ ਸਿੰਘ ਨਿਰੰਕਾਰੀ

ਅਜਕਲ੍ਹ ਆਮ ਵੇਖਣ ਵਿਚ ਆਉਂਦਾ ਹੈ ਕਿ ਸਾਡੇ ਧਾਰਮਿਕ ਦੀਵਾਨ, ਜੋ ਪ੍ਰਾਣੀ ਮਾਤਰ ਲਈ ਆਤਮਕ ਅਤੇ ਰੂਹਾਨੀ ਸ਼ਾਂਤੀ ਦੇ ਸੋਮੇ ਮਿਥੇ ਗਏ ਹਨ, ਉਹ ਆਪਣੇ ਟੀਚੇ ਤੋਂ ਦੂਰ ਜਾ ਰਹੇ ਹਨ। ਦੀਵਾਨਾਂ ਵਿਚ, ਵਧਰੇ ਬੇਚੈਨੀ, ਅਤੇ ਰੌਲੇ-ਰੱਪੇ ਦਾ ਵਾਤਾਵਰਣ ਬਣਿਆ ਰਹਿੰਦਾ ਹੈ। ਆਤਮਕ ਇਕਾਗਰਤਾ ਲਈ, ਸ਼ਾਂਤਮਈ ਵਾਤਾਵਰਣ ਹੋਣਾ ਅਤਿਅੰਤ ਲੋੜੀਂਦਾ ਹੈ। ਧਾਰਮਕ ਦੀਵਾਨਾਂ ਵਿਚ, ਪੁਰਸ਼ਾਂ ਦੀ ਆਵਾਜਾਈ, ਸ਼ੋਰ-ਸ਼ਰਾਬਾ ਅਤੇ ਮਾਇਆ ਦੀ ਘਟੀਆ ਪ੍ਰਦਰਸ਼ਨੀ, ਆਤਮਕ, ਟਿਕਾਉ ਦੀ ਘਾਟ ਦੇ ਵਿਸ਼ੇਸ਼ ਕਾਰਨ ਹਨ। ਚਲ ਰਹੇ ਪਰੋਗਰਾਮ ਕਥਾ, ਕੀਰਤਨ, ਵਿਆਖਿਆ ਆਦਿ ਦੇ ਭਾਵ ਰੌਲੇ-ਰੱਪੇ ਵਿਚ ਨਾ ਤਾਂ ਸਪਸ਼ਟ ਤੌਰ ਤੇ ਸੁਣਾਈ ਹੀ ਦਿੰਦੇ ਹਨ ਅਤੇ ਨਾ ਹੀ ਉਸ ਦੇ ਮਨ ਤੇ ਕੋਈ ਪ੍ਰਭਾਵ ਪੈਂਦਾ ਹੈ। ਇਸ ਤਰ੍ਹਾਂ ਇਹ ਅਵਸਰ ਇਕ ਤਰ੍ਹਾਂ ਮੇਲਾ ਜਿਹਾ ਬਣ ਕੇ ਰਹਿ ਜਾਂਦਾ ਹੈ।

ਸੱਜਣ ਪੁਰਸ਼ ਵਕਤ ਬੇ ਵਕਤ ਆਉਂਦੇ ਜਾਂਦੇ ਰਹਿੰਦੇ ਹਨ। ਕੋਈ ਸਜ ਰਿਹਾ ਹੁੰਦਾ ਹੈ, ਕੋਈ ਉਠ ਰਿਹਾ ਹੁੰਦਾ ਹੈ। ਪ੍ਰਬੰਧਕ ਸੱਜਣ ਪ੍ਰਬੰਧਕੀ ਗੱਲਾਂ ਦਾ ਨਬੇੜਾ ਵੀ ਸਟੇਜ ਤੇ ਬੈਠ ਕੇ ਹੀ ਕਰਦੇ ਹਨ ਕਿਉਂਕਿ ਕੋਈ ਪੂਰੀ-ਪੂਰੀ ਨਿਯਮਾਵਲੀ ਤਿਆਰ ਨਹੀਂ ਹੁੰਦੀ। ਇਸ ਲਈ ਸਮੇਂ ਦੀ ਪਾਬੰਦੀ ਦਾ ਸੁਆਲ ਖ਼ਤਮ ਹੋ ਕੇ ਰਹਿ ਜਾਂਦਾ ਹੈ। ਜੇਕਰ ਕਿਸੇ ਆਗੂ ਦੇ ਆਉਣ ਦੀ ਸੰਭਾਵਨਾ ਹੋਵੇ ਤਾਂ ਸੰਗਤਾਂ ਦੇ ਨੇਤਰ ਆਗੂ ਦੀ ਆਮਦ ਵਿਚ ਬਾਹਰ ਵਲ ਝਾਕ ਰਹੇ ਹੁੰਦੇ ਹਨ। ਲੀਡਰ ਦੇ ਆਉਣ ਸਮੇਂ ਖਲਬਲੀ ਜਿਹੀ ਮਚ ਜਾਂਦੀ ਹੈ ਅਤੇ ਹੋ ਰਹੇ ਸ਼ਬਦ, ਵਿਆਖਿਆਨ ਅਤੇ ਚਲਦੇ ਪਰੋਗਰਾਮ ਵਿਚ ਬੇ-ਤਰਤੀਬੀ ਹੋ ਜਾਂਦੀ ਹੈ। ਸ਼ਬਦ ਅਥਵਾ ਵਿਆਖਿਆਨ ਵਿਚ ਟਿਕਾਉ ਤਾਂ ਇਕ ਪਾਸੇ ਰਿਹਾ, ਸਮਾਗਮ ਦਾ ਮਾਹੌਲ ਹੀ ਵਿਗੜ ਜਾਂਦਾ ਹੈ।

ਕਈ ਛੋਟੇ ਬੱਚੇ, ਜਿਹਨਾਂ ਦੀਆਂ ਧਾਰਮਕ ਰੁਚੀਆਂ ਅਤੇ ਪ੍ਰਫੁਲਤ ਨਹੀਂ ਹੋਈਆਂ ਹੁੰਦੀਆਂ, ਉਹਨਾਂ ਪਾਸੋਂ ਚੈਨ ਨਾਲ ਬੈਠਣ ਦੀ ਆਸ ਰਖੀ ਜਾਂਦੀ ਹੈ। ਉਹ ਅਗ ਪਿਛ ਇਸ ਤਰ੍ਹਾਂ ਦੌੜ ਭੱਜ ਰਹੇ ਹੁੰਦੇ ਹਨ, ਜਿਵੇਂ ਉਹਨਾਂ ਵਾਸਤੇ ਸਾਰਾ ਸਮਾਗਮ ਇਕ ਖੇਲ-ਅਖਾੜਾ ਹੁੰਦਾ ਹੈ। ਜੇਕਰ ਉਹ ਬੱਚੇ ਕਿਸੇ ਵਿਸ਼ੇਸ਼ ਪ੍ਰਬੰਧਕ ਦੇ ਹੋਣ ਤਾਂ ਬਾਰ-ਬਾਰ ਪਰਬੰਧਕ ਦੀ ਝੋਲੀ ਵਿਚ ਉਠਦੇ ਬੈਠਦੇ ਰਹਿੰਦੇ ਹਨ ਅਤੇ ਇਉਂ ਉਹ ਸਾਰੇ ਮਾਹੌਲ ਨੂੰ ਬੇ-ਸੁਰਾ ਕਰ ਦਿੰਦੇ ਹਨ। ਅਜਿਹੇ ਸਮੇਂ ਵਿਖਿਆਨਕਾਰ ਦੇ ਸ਼ਬਦਾਂ ਦੇ ਨਾਲ-ਨਾਲ ਬੱਚਿਆਂ ਦਾ ਸ਼ੋਰ ਵੀ ਸਮਿਲਤ ਹੋ ਜਾਂਦਾ ਹੈ।

ਇਹ ਵੀ ਵੇਖਣ ਵਿਚ ਆਉਂਦਾ ਹੈ ਕਿ ਸੰਗਤ ਵਿਚ ਆਉਣ ਵਾਲੇ ਪੁਰਸ਼ ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਮਾਇਆ ਕਈ ਭਾਂਤ ਨਾਲ ਅਰਪਨ ਕਰਦੇ ਹਨ।

ਕਈ ਤਾਂ ਬੜੇ ਘਟੀਆ ਢੰਗ ਨਾਲ ਸਿੱਕੇ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਅਗੇ ਵਗਾਹ ਕੇ ਸੁਟਦੇ ਹਨ। ਕਈ ਪੁਰਸ਼ ਨੋਟ ਅਰਪਨ ਕਰਨ ਸਮੇਂ ਇਹ ਧਿਆਨ ਰਖਦੇ ਹਨ ਕਿ ਬਾਕੀ ਦਰਸ਼ਕਾਂ ਨੂੰ ਪਤਾ ਲਗ ਸਕੇ ਕਿ ਉਹਨਾਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਅਗੇ ਵਧ ਤੋਂ ਵਧ ਭੇਟਾ ਅਰਪਨ ਕੀਤੀ ਹੈ। ਰਾਗੀ ਸਿੰਘਾਂ ਨੂੰ ਮਾਇਆ ਅਰਪਨ ਕਰਨ ਵੇਲੇ ਵੀ ਸੱਜਣ ਪੁਰਸ਼ ਇਕ ਦੂਜੇ ਦੀ ਵੇਖੋ-ਵੇਖੀ ਵਧ ਤੋਂ ਵਧ ਆਪਣਾ ਨਾਂਅ ਅਗੇ ਲਿਆਉਣ ਦੀ ਫ਼ਿਕਰ ਵਿਚ ਹੁੰਦੇ ਹਨ। ਅਜਿਹੇ ਪੁਰਸ਼ਾਂ ਦਾ ਨਾਂ ਪਤਾ ਆਦਿ ਰਾਗੀ ਸਿੰਘਾਂ ਵਲੋਂ ਭਰਪੂਰ ਸ਼ਲਾਘਾ ਸਹਿਤ ਅਤੇ ਚਟਕਾਰਿਆਂ ਨਾਲ ਦਸਿਆ ਜਾਂਦਾ ਹੈ ਕਿ ਮਨ ਸ਼ਰਮ ਨਾਲ ਪਾਣੀ-ਪਾਣੀ ਹੋ ਜਾਂਦਾ ਹੈ। ਗੁਰੂ ਦੀ ਹਜ਼ੂਰੀ ਵਿਚ ਨਿਮਰਤਾ ਅਤੇ ਆਪਾ-ਭਾਵ ਗੁਆ ਕੇ ਜਾਣ ਦਾ ਹੀ ਕੁਝ ਭਾਵ ਹੈ, ਪਰ ਹੁੰਦਾ ਇਸ ਦੇ ਉਲਟ ਹੈ। ਸੰਭਵ ਹੈ ਕਿ ਹੋਰ ਧਰਮਾਂ ਦੇ ਅਨੁਯਾਈ ਅਤੇ ਵਿਦੇਸ਼ੀ, ਜੋ ਸਿੱਖ ਧਰਮ ਨਾਲ ਸੰਬੰਧ ਨਹੀਂ ਰਖਦੇ, ਵੀ ਦੀਵਾਨ ਵਿਚ ਸ਼ਾਮਲ ਹੋਏ ਹੋਣ। ਵਿਸ਼ੇਸ਼ਣ-ਭਰਪੂਰ ਅਰਦਾਸ ਦਾ ਉਹਨਾਂ ਉਪਰ ਕੀ ਅਸਰ ਪੈਂਦਾ ਹੋਵੇਗਾ? ਇਹ ਇਕ ਵਿਚਾਰਨ ਵਾਲੀ ਗੱਲ ਹੈ।

## ਦੀਵਾਨਾਂ ਦੀ ਸਜਾਵਟ

ਕਈ ਦੀਵਾਨ ਹਾਲ ਇਸ ਢੰਗ ਨਾਲ ਸਜਾਏ ਹੁੰਦੇ ਹਨ ਜਿਵੇਂ ਕੋਈ ਉਥੇ ਨਾਟਕ ਤਮਾਸ਼ਾ ਹੋਣਾ ਹੋਵੇ। ਸਾਨੂੰ ਕੁਝ ਸਮਾਂ ਹੋਇਆ ਦਖਣੀ ਭਾਰਤ ਦੇ ਇਕ ਵਡੇ ਨਗਰ ਦੇ ਗੁਰਦਵਾਰੇ ਵਿਚ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਤੇ ਜਾਣ ਦਾ ਸੁਭਾਗ ਪਰਾਪਤ ਹੋਇਆ। ਇਹ ਵੇਖ ਕੇ ਹੈਰਾਨੀ ਦੀ ਹੱਦ ਨਾ ਰਹੀ ਕਿ ਗੁਰੂ ਗਰੰਥ ਸਾਹਿਬ ਜੀ ਦੇ ਆਲੇ-ਦੁਆਲੇ ਕਾਗਜ਼ ਦੇ ਫੁੱਲਾਂ ਅਤੇ ਰਬੜ ਦੇ ਗੁਬਾਰਿਆਂ ਦੀ ਇਤਨੀ ਬਹੁਤਾਤ ਸੀ ਕਿ ਤਾਬਿਆ ਬੈਠੇ ਗਰੰਥੀ ਸਿੰਘ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਦਰਸ਼ਨ ਹੋਣੇ ਵੀ ਸੰਭਵ ਨਹੀਂ ਸਨ। ਘਟੀਆ ਸਜਾਵਟ ਸਾਡੇ ਕੋਲ ਕੋਮਲ ਕਲਾ ਦੀ ਘਾਟ ਦੀ ਸੂਚਕ ਹੈ। ਨਿਗੂਣੀਆਂ ਵਸਤੂਆਂ ਦੀ ਮਿਲਗੋਭਾ ਪ੍ਰਦਰਸ਼ਨੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਤਰੀਵ ਸਤਿਕਾਰ ਨੂੰ ਛੁਟਿਆਉਂਦੀ ਹੈ। ਇਸੇ ਤਰ੍ਹਾਂ ਇਕ ਹੋਰ ਦੀਵਾਨ ਵਿਚ ਅਜਿਹੇ ਬੇ-ਢੰਗੇ ਕਾਗਜ਼ੀ ਫੁੱਲਾਂ ਦੀ ਪ੍ਰਦਰਸ਼ਨੀ ਵੇਖ ਕੇ ਸਾਡੇ ਮਨ ਵਿਚ ਉਬਾਲ ਆ ਗਿਆ। ਜਦੋਂ ਪ੍ਰਬੰਧਕਾਂ ਨੂੰ ਸਾਨੂੰ ਕੁਝ ਸ਼ਬਦ ਕਹਿਣ ਦਾ ਮੌਕਾ ਦਿੱਤਾ ਤਾਂ ਮੈਂ ਉਥੇ ਲਗੇ ਚੀਨੀ ਅਤੇ ਜਾਪਾਨੀ ਕਾਗਜ਼ੀ ਪੱਖਿਆਂ ਲਾਲਟੈਣਾਂ ਅਤੇ ਰਬੜ-ਗੁਬਾਰਿਆਂ ਉਤੇ ਕਿੰਤੂ ਕੀਤੀ। ਇਕ ਪਾਸੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਉਪਰ ਸੋਨੇ ਦੇ ਛੱਬੇ ਚਾਂਦੀ ਦੀ ਮਰਗਲ, ਮਖਮਲੀ ਚਾਨਣੀਆਂ ਅਤੇ ਦੂਜੇ ਪਾਸੇ ਘਟੀਆ ਗੁਬਾਰੇ ਅਤੇ ਫੁੱਲ, ਸਾਨੂੰ ਬੜੇ ਹੀ ਅਯੋਗ ਜਾਪੇ। ਭਾਵੇਂ ਸਾਡੀ ਟਿੱਪਣੀ ਕਰਕੇ ਪ੍ਰਬੰਧਕ ਸਾਡੇ ਨਾਲ ਨਰਾਜ਼ ਹੋ ਗਏ ਪਰ ਅਸੀਂ ਆਪਣੇ ਮਨ ਦੇ ਭਾਵਾਂ ਨੂੰ ਪ੍ਰਗਟ ਕਰਨ ਤੋਂ ਸੰਕੋਚ ਨਾ ਕੀਤਾ।

ਧਰਮ ਅਸਥਾਨਾਂ ਤੇ ਬਹੁਤੇ ਸੱਜਣ ਉਹ ਵੀ ਜਾਂਦੇ ਹਨ, ਜਿਹੜੇ ਰੰਗ-ਤਮਾਸ਼ੇ, ਸਿਨਮੇ, ਥੀਏਟਰ ਆਦਿ ਵਿਚ ਵੀ ਸਮੇਂ-ਸਮੇਂ ਜਾਂਦੇ ਰਹਿੰਦੇ ਹਨ। ਕੀ ਇਹ ਹੈਰਾਨੀ

ਦੀ ਗੱਲ ਨਹੀਂ ਕਿ ਸਿਨਮੇਂ ਚਲਣ ਦਾ ਸਮਾਂ ਨੀਯਤ ਹੁੰਦਾ ਹੈ। 99 ਪ੍ਰਤੀਸ਼ਤ ਦਰਸ਼ਕ, ਸਮੇਂ ਸਿਰ ਅਥਵਾ ਸਮੇਂ ਤੋਂ ਪਹਿਲਾਂ ਹੀ ਮੁਕਰਰ ਸੀਟਾਂ ਤੇ ਬੈਠ ਜਾਂਦੇ ਹਨ ਅਤੇ ਤੀਬਰਤਾ ਨਾਲ ਤਸਵੀਰ ਦੀ ਉਡੀਕ ਕਰਦੇ ਹਨ। ਇਕ ਦੁਕਾ ਪੁਰਸ਼ ਰਹਿ ਵੀ ਜਾਵੇ ਤਾਂ ਬਗੈਰ ਖਟਕੇ ਦੇ ਬੈਠਣ ਦਾ ਯਤਨ ਕਰਦਾ ਹੈ। ਪ੍ਰਦਰਸ਼ਨੀ ਸਮੇਂ ਦਰਵਾਜ਼ੇ ਬੰਦ ਹੋ ਜਾਂਦੇ ਹਨ ਅਤੇ ਦਰਸ਼ਕ ਚੁਪ-ਚਾਪ ਦ੍ਰਿਸ਼ ਵੇਖਣ ਵਿਚ ਲੀਨ ਹੋਏ ਹੁੰਦੇ ਹਨ। ਉਚੀ ਬੋਲਣ ਦੀ ਕਿਸੇ ਦੀ ਜੁਅਰਤ ਨਹੀਂ ਪੈਂਦੀ। ਖੇਲ ਤਮਾਸ਼ੇ ਲਈ ਤਾਂ ਅਸੀਂ ਇਤਨੇ ਅਨੁਸ਼ਾਸਨ ਨੂੰ ਨਿਭਾਉਂਦੇ ਹਾਂ ਪਰ ਧਾਰਮਕ ਦੀਵਾਨ ਜਿਥੋਂ ਸਾਨੂੰ ਆਤਮਿਕ ਗਿਆਨ ਪ੍ਰਾਪਤ ਹੋਣਾ ਹੈ ਅਤੇ ਜ਼ਿੰਦਗੀ ਦੇ ਮਨੋਰਥ ਦੀ ਸਮਝ ਪੈਣੀ ਹੈ, ਉਸ ਲਈ ਸਾਡੀ ਇਤਨੀ ਅਣਗਹਿਲੀ ? ਕੀ ਧਾਰਮਕ ਜਗਿਆਸੂ ਇਸ ਤੋਂ ਕੋਈ ਸਿੱਖਿਆ ਪਰਾਪਤ ਨਹੀਂ ਕਰ ਸਕਦੇ ?

ਧਾਰਮਿਕ ਦੀਵਾਨਾਂ ਵਿਚ ਰਾਗੀ ਸਿੰਘ ਕੀਰਤਨ ਸਮਾਪਤ ਕਰਨ ਮਗਰੋਂ ਸਾਜ਼ ਇਕੱਠੇ ਕਰਨ ਵਿਚ ਰੁਝ ਜਾਂਦੇ ਹਨ ਅਤੇ ਅਰਦਾਸ ਨੂੰ ਉਡੀਕੇ ਬਿਨਾਂ ਹੀ ਦੀਵਾਨ ਵਿਚੋਂ ਹੀ ਉਠ ਜਾਂਦੇ ਹਨ। ਕੀ ਇਹ ਅਰਦਾਸ ਦੀ ਘੋਰ ਨਿਰਾਦਰੀ ਅਤੇ ਮਹਾਰਾਜ ਵਲੋਂ ਮੂੰਹ ਫੇਰਨ ਦੇ ਬਰਾਬਰ ਨਹੀਂ ? ਕੁਝ ਸਮਾਂ ਪਹਿਲਾਂ ਤਾਂ ਉਹ ਉਪਦੇਸ਼ਕ ਦੇ ਰੂਪ ਵਿਚ ਸਿਖਿਆਦਾਇਕ ਬਾਣੀ ਮਧੁਰ ਧੁਨ ਵਿਚ ਸੁਣਾ ਰਹੇ ਹੁੰਦੇ ਹਨ ਪਰ ਜਦੋਂ ਅਮਲ ਕਰਨ ਦਾ ਸਮਾਂ ਆਉਂਦਾ ਹੈ ਤਾਂ ਆਪ ਬੇ-ਅਸਲ ਸਾਬਤ ਹੁੰਦੇ ਹਨ।

ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਉਣ ਦਾ ਵੀ ਕੋਈ ਨਿਯਮ ਨਹੀਂ। ਇਕ ਅੱਧੇ ਗਰੰਥੀ ਸਿੰਘ ਤੋਂ ਬਿਨਾਂ ਕੋਈ ਜਥੇਬੰਦ ਪ੍ਰਸ਼ਾਦਿ ਵਰਤਾਉਣ ਵਾਲੇ ਸੇਵਾਦਾਰ ਨਹੀਂ ਮਿਲਦੇ। ਜਿਹੜੇ ਮਿਲਦੇ ਹਨ, ਉਹ ਸਾਬਣ ਨਾਲ ਆਪਣੇ ਹੱਥਾਂ ਨੂੰ ਸਾਫ ਕਰਨ ਦੀ ਮਹੱਤਤਾ ਨਹੀਂ ਸਮਝਦੇ। ਕਈ ਪੁਰਸ਼ਾਂ ਦੇ ਨਹੁੰਆਂ ਵਿਚ ਮੈਲ ਭਰੀ ਹੁੰਦੀ ਹੈ ਅਤੇ ਗੰਦੇ ਹੱਥਾਂ ਨਾਲ ਹੀ ਪਵਿਤਰ ਕੜਾਹ ਪ੍ਰਸ਼ਾਦਿ ਵਰਤਾਉਣ ਲਗ ਪੈਂਦੇ ਹਨ। ਪ੍ਰਸ਼ਾਦਿ ਸੰਗਤ ਵਿਚ ਅਗੇ ਬੈਠਿਆਂ ਨੂੰ ਪਹਿਲਾਂ ਦਿਤਾ ਜਾਂਦਾ ਹੈ। ਇਸ ਤਰ੍ਹਾਂ ਪ੍ਰਸ਼ਾਦਿ ਲੈ ਚੁੱਕੇ ਲੋਕ ਪਿਛਲੇ ਸੱਜਣਾਂ ਦੇ ਉਤੋਂ ਲੰਘ ਕੇ ਜਾਣ ਦੇ ਯਤਨ ਵਿਚ ਹੁੰਦੇ ਹਨ। ਇਵੇਂ ਬੈਠੇ ਹੋਏ ਪੁਰਸ਼ਾਂ ਦੀ ਤਰਤੀਬ ਭੰਗ ਹੋ ਜਾਂਦੀ ਹੈ, ਇਸ ਲਈ ਜਾਂ ਤਾਂ ਉਹ ਉਠ ਕੇ ਪ੍ਰਸ਼ਾਦਿ ਲੈਣ ਦੇ ਜਤਨ ਕਰਦੇ ਹਨ ਜਾਂ ਬਗੈਰ ਪ੍ਰਸ਼ਾਦਿ ਲਏ ਹੀ ਚਲੇ ਜਾਂਦੇ ਹਨ।

ਸਾਨੂੰ ਦੇਸ਼ ਵਿਦੇਸ਼ ਦੀਆਂ ਹੋਰ ਧਾਰਮਕ ਸੰਸਥਾਵਾਂ ਦੇ ਅਦਾਰਿਆਂ ਤੇ ਜਾਣ ਦਾ ਅਵਸਰ ਵੀ ਮਿਲਿਆ ਹੈ। ਜਦੋਂ ਅਸੀਂ ਇੰਗਲੈਂਡ ਵਿਚ ਸਾਂ ਤਾਂ ਸਮੇਂ-ਸਮੇਂ, ਅਸੀਂ ਗਿਰਜੇ ਵਿਚ ਜਾ ਕੇ ਉਹਨਾਂ ਦਾ ਧਾਰਮਕ ਦੀਵਾਨਾਂ ਵਿਚ ਸ਼ਾਮਲ ਹੋਣ ਦਾ ਅਤਿਅੰਤ ਸੁਆਦ ਮਾਣਿਆ ਹੈ। ਅਧਿਆਤਮਕ ਅਤੇ ਧਾਰਮਕ ਵਾਤਾਵਰਣ ਵਿਚ ਜਦੋਂ ਉਹ ਪ੍ਰਮਾਤਮਾ ਅਤੇ ਆਪਣੇ ਰਹਿਬਰ ਦੀ ਉਸ ਉਸਤਤ ਵਿਚ ਗਾਇਨ ਕਰ ਰਹੇ ਹੁੰਦੇ ਹਨ ਤਾਂ ਸੁਰਤ ਵਿਚ ਇਕ ਕਿਸਮ ਦਾ ਟਿਕਾਉ ਅਨੁਭਵ ਹੁੰਦਾ ਹੈ। ਜਦੋਂ ਪਾਦਰੀ ਭਾਸ਼ਨ ਦੇਂਦਾ ਹੈ ਤਾਂ ਮਸੀਹਾ ਸੰਗਤ ਬੜੇ ਪ੍ਰੇਮ ਨਾਲ ਸ਼ਾਂਤਮਈ ਵਾਤਾਵਰਨ ਵਿਚ ਸਰਵਣ ਕਰ

ਰਹੀ ਹੁੰਦੀ ਹੈ। ਕੋਈ ਸ਼ੋਰ ਨਹੀਂ ਹੁੰਦਾ। ਜਿਹੜੇ ਬੱਚਿਆਂ ਪਾਸੋਂ ਆਰਾਮ ਨਾਲ ਬੈਠਣ ਦੀ ਆਸ ਨਾ ਹੋਵੇ, ਉਹਨਾਂ ਨੂੰ ਉਥੇ ਜਾਣ ਦੀ ਆਗਿਆ ਨਹੀਂ ਹੁੰਦੀ। ਇਸ ਮਾਹੌਲ ਅਨੁਸਾਰ ਸਿਖਿਆਤ ਬੱਚੇ ਹੀ ਗਿਰਜੇ ਜਾਂਦੇ ਹਨ।

ਇਸਲਾਮ ਮਤ ਦੇ ਜਦੋਂ ਨਿਮਾਜ਼ ਵਿਚ ਜੁੜਦੇ ਹਨ, ਤਾਂ ਕਤਾਰਾਂ ਵਿਚ ਬੈਠ ਕੇ ਸਾਰੇ ਮਿਲ ਕੇ ਨਿਮਾਜ਼ ਅਦਾ ਕਰਦੇ ਹਨ। ਭਾਵੇਂ ਲੱਖਾਂ ਦਾ ਇਕੱਠ ਕਿਉਂ ਨਾ ਹੋਵੇ ਅਨੁਸ਼ਾਸਨ ਭੰਗ ਨਹੀਂ ਹੁੰਦਾ। ਜਦੋਂ ਇਮਾਮ ਖੁਤਬਾ (ਨਸੀਹਤ) ਪੜ੍ਹਦਾ ਹੈ ਤਾਂ ਸਾਰੀਆਂ ਅੱਖਾਂ ਇਮਾਮ ਵੱਲ ਕੇਂਦਰਤ ਹੁੰਦੀਆਂ ਹਨ।

ਇਸ ਪ੍ਰਸੰਗ ਵਿਚ ਰਾਧਾ ਸੁਆਮੀ ਸਤਿਸੰਗ ਦੇ ਅਨੁਸ਼ਾਸਨ ਬਾਰੇ ਗਿਆਤ ਕਰਾਉਣਾ ਵੀ ਕੁਥਾਂ ਨਹੀਂ ਹੋਵੇਗਾ। ਉਂਜ ਤਾਂ ਇਹਨਾਂ ਦੇ ਹਰੇਕ ਪੱਖ, ਜਿਹਾ ਕਿ ਲੰਗਰ, ਦਫਤਰੀ-ਕਰਨ ਅਤੇ ਆਮ ਪ੍ਰਬੰਧ ਤੋਂ ਪ੍ਰੇਰਨਾ ਲਈ ਜਾ ਸਕਦੀ ਹੈ ਪਰ ਪ੍ਰਕਰਨ ਅਨੁਸਾਰ ਸਤਿਸੰਗ ਅਨੁਸ਼ਾਸਨ ਦਾ ਜ਼ਿਕਰ ਹੀ ਕਰਾਂਗਾ।

ਸੰਗਤਾਂ ਦੀ ਆਮਦ ਸਮੇਂ ਸੇਵਾਦਾਰ ਸੰਗਤਾਂ ਨੂੰ ਥਾਂ ਸਿਰ ਬਿਠਾਉਣ ਲਗੇ ਸੁਚੇਤ ਹੁੰਦੇ ਹਨ। ਹਰੇਕ ਸੇਵਾਦਾਰ ਆਪਣੀ ਜ਼ਿਮੇਵਾਰੀ ਸਾਂਭਦਾ ਹੈ ਅਤੇ ਕਿਸੇ ਹੋਰ ਦੇ ਕੰਮ ਵਿਚ ਦਖਲ ਨਹੀਂ ਦੇਂਦਾ। ਸੰਗਤਾਂ ਬੜੀ ਸ਼ਾਂਤ ਅਵਸਥਾ ਵਿਚ ਬੈਠਦੀਆਂ ਹਨ। ਜਦੋਂ ਦੋ ਮਿੰਟ ਪ੍ਰਭੂ-ਧਿਆਨ ਦਾ ਆਦੇਸ਼ ਹੁੰਦਾ ਹੈ ਤਾਂ ਵਾਤਾਵਰਨ ਇਤਨਾ ਸ਼ਾਂਤ ਹੁੰਦਾ ਹੈ ਕਿ ਨਾਲ ਬੈਠੇ ਵਿਅਕਤੀ ਦਾ ਵੀ ਅਭਾਵ ਪ੍ਰਤੀਤ ਹੁੰਦਾ ਹੈ। ਵਕਤਾ ਸੁਲਝੇ ਹੋਏ ਅਤੇ ਸਮੇਂ ਦੀ ਪਾਬੰਦੀ ਵਿਚ ਬੋਲਣ ਵਾਲੇ ਹੁੰਦੇ ਹਨ। ਪ੍ਰਬੰਧਕ ਦੀ ਪ੍ਰਵਾਨਗੀ ਤੋਂ ਬਗੈਰ ਕੋਈ ਬੋਲਣ ਲਈ ਉਤਾਵਲਾ ਨਹੀਂ ਹੁੰਦਾ। ਜਦੋਂ ਆਗੂ ਬਚਨ ਕਰਦੇ ਹਨ ਤਾਂ ਸੰਗਤਾਂ ਬਚਨ ਸਰਵਣ, ਕਰਨ ਵਿਚ ਲੀਨ ਹੁੰਦੀਆਂ ਹਨ। ਸਤਿਸੰਗ ਸਮੇਂ ਪ੍ਰਸ਼ਨਤਰੀ ਨਹੀਂ ਹੁੰਦੀ ਹੁੰਦੀ ਜਿਸ ਨੂੰ ਸ਼ੰਕਾ ਹੋਵੇ, ਉਹ ਮਿਲਣ ਲਈ ਵਖਰਾ ਸਮਾਂ ਲੈ ਸਕਦਾ ਹੈ।

ਨਿਰੰਕਾਰੀ ਲਹਿਰ ਦੇ ਦੂਜੇ ਸੰਚਾਲਕ, ਸ੍ਰੀ ਸਾਹਿਬ ਦਰਬ ਰਾ ਸਿੰਘ ਜੀ ਦੇ ਇਕ ਅਨਿਨ ਅਤੇ ਨਿਕਟਵਰਤੀ ਗੁਰਸਿੱਖ, ਭਾਈ ਸ਼ਾਮ ਸਿੰਘ ਜੀ, (ਜਿਹਨਾਂ ਨੂੰ ਸਾਹਿਬਾਂ ਦਾ ਦੀਵਾਨ ਵੀ ਕਿਹਾ ਜਾਂਦਾ ਸੀ) ਦੇ ਗੁਰ-ਬਚਨ ਸੁਣਨ ਦੀ ਇਕਾਗਰਤਾ ਬਾਰੇ ਪ੍ਰਸੰਗ ਇਤਿਹਾਸ ਵਿਚ ਮਿਲਦਾ ਹੈ। ਸਾਹਿਬਾਂ ਦੀ ਵਿਆਖਿਆ ਸਮੇਂ, ਭਾਈ ਸ਼ਾਮ ਸਿੰਘ ਜੀ ਇਕ-ਰਸ ਸਰਵਣ ਕਰਨ ਵਿਚ ਲੀਨ ਹੁੰਦੇ ਸਨ। ਭਾਵੇਂ ਅਤਿਅੰਤ ਜ਼ਰੂਰੀ ਕੰਮ ਵੀ ਰਹਿ ਜਾਏ ਪਰ ਆਪ ਨਿਤਨੇਮ ਨਾਲ ਦੀਵਾਨ ਦੀ ਹਾਜ਼ਰੀ ਭਰਦੇ ਅਤੇ ਸਮਾਪਤੀ ਤੋਂ ਪਹਿਲਾਂ ਕਦੇ ਨਾ ਉਠਦੇ।

ਇਕ ਦਿਨ ਸਾਹਬ ਮਹਾਰਾਜ ਸ਼ਬਦ ਦਾ ਵਿਚਾਰ ਕਰ ਰਹੇ ਸਨ। ਇਕ ਸਨੇਹੀ ਨੇ ਆ ਕੇ ਭਾਈ ਸ਼ਾਮ ਸਿੰਘ ਜੀ ਦੇ ਕੰਨ ਵਿਚ ਕਿਹਾ, "ਆਪ ਦੀ ਦੁਕਾਨ ਵਾਲੀ ਲੜ ਨੂੰ ਅੱਗ ਲੱਗ ਰਹੀ ਹੈ।" ਭਾਈ ਸਾਹਿਬ ਨੇ ਸਿਦਕ-ਦਿਲੀ ਨਾਲ ਉਸ ਨੂੰ ਵਾਪਸ ਕਰ ਦਿਤਾ ਅਤੇ ਕਿਹਾ, "ਮੈਂ ਦੀਵਾਨ ਦੀ ਸਮਾਪਤੀ ਤੋਂ ਬਾਅਦ ਹੀ ਆ ਸਕਾਂਗਾ।" ਜਲਦੀ ਹੀ ਇਕ ਹੋਰ ਸੰਦੇਸ਼ ਪੁਜਾ ਕਿ ਉਹਨਾਂ ਦੀ ਦੁਕਾਨ ਵੀ ਅੱਗ ਦੀ ਲਪੇਟ ਵਿਚ ਆ ਗਈ

ਹੈ। ਭਾਈ ਸਾਹਿਬ ਗੁਰ-ਸ਼ਬਦ ਦੇ ਉਹ ਪਤੰਗੇ ਸਨ, ਜੋ ਇਕ ਵੇਰ ਦੀਪਕ ਕੋਲ ਪੁਜ ਕੇ ਵਾਪਸ ਨਹੀਂ ਪਰਤਦੇ। ਆਪ ਨੇ ਬੜੀ ਅਡੋਲਤਾ ਨਾਲ ਦੂਜੇ ਸੱਜਣ ਨੂੰ ਵੀ ਪਹਿਲਾ ਉੱਤਰ ਦੇ ਕੇ ਵਾਪਸ ਕਰ ਦਿਤਾ।

ਸਮਾਪਤੀ ਉਪਰੰਤ ਆਪ ਦੁਕਾਨ ਤੇ ਪੁਜੇ। ਦੁਕਾਨ ਲਗਭਗ ਸੜ ਚੁਕੀ ਸੀ। ਆਪ ਦਾ ਦੁਕਾਨ ਖੋਲਣ ਤੋਂ ਪਹਿਲਾਂ ਹਲਵਾਈ ਪਾਸੋਂ ਦੁੱਧ ਮੰਗਵਾ ਕੇ ਪੀਣ ਦਾ ਨਿਤ-ਕਰਮ ਸੀ। ਆਪ ਨੇ ਦੁੱਧ ਦਾ ਛੰਨਾ ਮੰਗਵਾਇਆ ਅਤੇ ਸੜ ਚੁੱਕੀ ਦੁਕਾਨ ਦੇ ਕੋਲ ਹੀ ਖੜੇ ਹੋ ਕੇ ਇਸ ਤਰ੍ਹਾਂ ਛਕਿਆ, ਜਿਵੇਂ ਆਪ ਦੁਰਘਟਨਾ ਤੋਂ ਬਿਲਕੁਲ ਨਿਰਲੇਪ ਸਨ।

ਕੁਝ ਸਮੇਂ ਬਾਅਦ ਦੁਕਾਨ ਦੇ ਪੁਨਰ-ਨਿਰਮਾਣ ਲਈ ਆਪ ਨੇ ਦੁਕਾਨ ਦੀਆਂ ਨੀਹਾਂ ਪੁਟਵਾਈਆਂ। ਮਲਬਾ ਉਠਵਾਇਆ, ਫੋਲਾ-ਫਾਲੀ ਕਰਦਿਆਂ ਕੁਦਰਤ ਦਾ ਅਜਿਹਾ ਕਰਿਸ਼ਮਾ ਹੋਇਆ ਕਿ ਥੋੜ੍ਹੀ ਕੁ ਡੂੰਘਾਈ ਤੇ ਬਹੁਤ ਸਾਰੀ ਚਾਂਦੀ ਨਿਕਲ ਆਈ। ਇਹ ਇਤਨੀ ਜ਼ਿਆਦਾ ਸੀ ਕਿ ਸਾਰੇ ਨੁਕਸਾਨ ਦੀ ਪੂਰਤੀ ਤੋਂ ਵੀ ਵਧ ਗਈ। ਸਿਦਕ ਅਤੇ ਭਰੋਸੇਵਾਨ ਗੁਰਸਿੱਖਾਂ ਦੇ ਪ੍ਰੀਖਿਆ ਉਤੇ ਪੂਰੇ ਉਤਰਨ ਦੀ ਇਹ ਅਗੰਮੀ ਮਦਦ ਸੀ।

ਕੀ ਸਾਨੂੰ ਉਪਰੋਕਤ ਪ੍ਰਚਲਤ ਧਰਮਾਂ ਅਤੇ ਸੰਸਥਾਵਾਂ ਨੂੰ ਵਾਚ ਕੇ ਮਨ ਵਿਚ ਉਮੰਗ ਪੈਦਾ ਨਹੀਂ ਹੁੰਦੀ ਕਿ ਅਸੀਂ ਆਪਣੇ ਗੁਰਦਵਾਰਿਆਂ ਅਤੇ ਧਾਰਮਿਕ ਦੀਵਾਨਾਂ ਸਮੇਂ ਵੀ ਕੋਈ ਇਹੋ ਜਿਹਾ ਅਨੁਸ਼ਾਸਨ ਅਤੇ ਤਰਤੀਬ ਕਾਇਮ ਕਰ ਸਕੀਏ? ਇਹਨਾਂ ਪ੍ਰਸ਼ਨਾਂ ਦਾ ਉਤਰ ਸਾਨੂੰ ਲੱਭਣਾ ਹੀ ਪਏਗਾ? ਨਹੀਂ ਤਾਂ ਇਸ ਦਾ ਜੋ ਪ੍ਰਭਾਵ ਆਉਣ ਵਾਲੀ ਸੂਝਵਾਨ ਨਵੀਂ ਪਨੀਰੀ ਤੇ ਪੈ ਰਿਹਾ ਹੈ, ਉਸਦੇ ਸਿੱਟਿਆਂ ਤੋਂ ਅਸੀਂ ਭਲੀ ਪਰਕਾਰ ਜਾਣੂ ਹਾਂ, ਨੌਜਵਾਨ ਧਰਮ ਤੋਂ ਦੂਰ ਜਾ ਰਹੇ ਹਨ, ਕਿਉਂਕਿ ਅਸੀਂ ਉਹਨਾਂ ਲਈ ਕੋਈ ਚੰਗੀ ਉਦਾਹਰਣ ਪੇਸ਼ ਨਹੀਂ ਕਰ ਰਹੇ। ਜੇਕਰ ਅਸੀਂ ਅਜੇ ਵੀ ਅਵੇਸਲੇ ਰਹੇ ਤਾਂ ਯੁਵਕਾਂ ਤੋਂ ਕੋਈ ਆਸ ਰਖਣੀ ਬਿਲਕੁਲ ਨਿਰਮੂਲ ਹੋਵੇਗੀ।

ਇਤਿਹਾਸਕ ਧਰਮ-ਅਸਥਾਨ, ਜਿਹਨਾਂ ਵਿਚ ਨਿਰੰਤਰ ਕੀਰਤਨ ਦਾ ਪ੍ਰਵਾਹ ਚਲਦਾ ਹੈ, ਨੂੰ ਛੱਡ ਕੇ, ਵਕਫੇ ਨਾਲ ਖੁਲਣ ਅਤੇ ਬੰਦ ਹੋਣ ਵਲੇ ਗੁਰ-ਅਸਥਾਨਾਂ ਅਤੇ ਆਰਜ਼ੀ ਗੁਰ-ਦਰਵਾਰਾਂ ਦੇ ਨਿਯਮ-ਬੱਧ-ਅਨੁਸ਼ਾਸਨ ਕਾਇਮ ਕਰਨ ਲਈ ਕੁਝ ਕੁ ਸੁਝਾਅ ਹੇਠ ਲਿਖੇ ਅਨੁਸਾਰ ਪੇਸ਼ ਕਰਨ ਦੀ ਖੁਲ੍ਹ ਚਾਹਵਾਂਗਾ। ਨਿਰੰਤਰ ਕੀਰਤਨ ਪ੍ਰਵਾਹ ਵਾਲੇ ਇਤਿਹਾਸਕ ਗੁਰ-ਅਸਥਾਨਾਂ ਵਾਸਤੇ ਵੀ ਬੇਸ਼ਕ ਕੁਝ ਸੁਝ ਸੁਝਾਅ ਉਪਯੋਗੀ ਹੋ ਸਕਣ ਪਰ ਦੂਜੇ ਦੱਸੇ ਗੁਰ-ਦੁਵਾਰਾ ਕਮੇਟੀ, ਅੰਮ੍ਰਿਤਸਰ ਦੀ ਧਾਰਮਿਕ ਸਲਾਹਕਾਰ ਕਮੇਟੀ, ਚੀਫ ਖਾਲਸਾ ਦੀਵਾਨ ਸਿੱਖ ਪੰਥ ਦੇ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਸੰਸਥਾਵਾਂ ਦੇ ਪ੍ਰਬੰਧਕ ਅਤੇ ਵਿਦਵਾਨ ਨਿਯਮ-ਬੱਧ ਅਨੁਸ਼ਾਸਨ ਕਾਇਮ ਕਰਨ ਲਈ ਕਮੇਟੀਆਂ ਬਣਾ ਕੇ ਸੋਚਣ। ਸਾਨੂੰ ਕਿਸੇ ਸਿੱਟੇ ਤੇ ਪੁਜਣਾਂ ਚਾਹੀਦਾ ਹੈ।

(ੳ) ਪ੍ਰਬੰਧਕਾਂ ਲਈ ਉਚਿਤ ਹੈ ਕਿ ਪ੍ਰੋਗਰਾਮ ਨੂੰ ਅਜਿਹਾ ਉਲੀਕਣ ਕਿ ਅਦਲਾ-ਬਦਲੀ ਦੀ ਲੋੜ ਨਾ ਪਏ। ਬੜੀ ਨਿਮਰਤਾ ਸਹਿਤ, ਸਮੇਂ ਦੀ ਕਰੜੀ ਪਾਬੰਦੀ ਲਈ ਵਿਆਖਿਆਨਕਾਰਾਂ ਨੂੰ ਪੂਰਵ-ਸੂਚਨਾ ਦਿਤੀ ਜਾਵੇ। ਹੋ ਸਕੇ ਤਾਂ ਆਮ ਸੰਗਤਾਂ ਨੂੰ ਇਸ਼ਤਿਹਾਰਾਂ ਦੁਆਰਾ ਪੂਰਵ ਸੂਚਤ ਕੀਤਾ ਜਾਵੇ ਕਿ ਕਿਸ ਸਮੇਂ ਕਿਹੜਾ ਵਕਤਾ ਬੋਲ ਰਿਹਾ ਹੈ। ਬੁਲਾਰੇ ਨੂੰ ਵੀ ਸਮੇਂ ਦੀ ਤਾਬੰਦੀ, ਆਪਣਾ ਫਰਜ਼ ਸਮਝਣਾ ਚਾਹੀਦਾ ਹੈ।

(ਅ) ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਨਮੁਖ ਘਟੀਆ ਦਰਜੇ ਦੇ ਕਾਗਜ਼ੀ ਫੁੱਲਾਂ ਅਤੇ ਰਬੜ ਦੇ ਗੁਬਾਰਿਆਂ ਦੀ ਪ੍ਰਦਰਸ਼ਨੀ ਨੂੰ ਵਿਵਰਜਤ ਕਰਨਾ ਚਾਹੀਦਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਉਚਤਾ ਨੂੰ ਮੁਖ ਰਖ ਕੇ ਸਵੱਛ, ਸੁੰਦਰ ਅਤੇ ਸ਼ਹਿਨਸ਼ਾਹੀ ਸ਼ਾਨ-ਸ਼ੌਕਤ ਹੋਣੀ ਚਾਹੀਦੀ ਹੈ। ਜਿਹੜੇ ਸਜਣ ਉਚਤਮ-ਸ਼ਾਨ ਨਹੀਂ ਕਰ ਸਕਦੇ, ਉਹ ਸੁੰਦਰ ਅਤੇ ਤਾਜ਼ਾ ਫੁੱਲਾਂ ਦੁਆਰਾ ਹੀ ਜਚਦੀ ਸਜਾਵਟ ਕਰ ਸਕਦੇ ਹਨ। ਸ੍ਰੀ ਗੁਰੂ ਸਾਹਿਬ ਤਸਵੀਰਾਂ ਵਾਲੇ ਰੁਮਾਲਿਆਂ ਅਤੇ ਚੰਦੋਇਆਂ ਦਾ ਪ੍ਰਯੋਗ ਨਹੀਂ ਹੋਣਾ ਚਾਹੀਦਾ, ਇਹ ਮਨਮਤ ਹੈ। ਕਿਉਂਕਿ ਕਈ ਵਾਰ ਅਗਿਆਨਤਾ ਕਰਕੇ ਰੁਮਾਲੇ ਅਤੇ ਚੰਦੋਏ ਬੇ-ਤਰਤੀਬ ਲਗ ਜਾਂਦੇ ਹਨ ਅਤੇ ਬੇ-ਅਦਬੀ ਹੁੰਦੀ ਹੈ। ਦੀਵਾਨ ਹਾਲ ਵਿਚ ਸੁੰਦਰ ਝਾੜ-ਫਾਨੂਸ, ਜੋ ਸਾਡੀ ਪੁਰਾਣੀ ਸਭਿਅਤਾ ਦੇ ਪ੍ਰਤੀਕ ਹਨ, ਲਗਾਏ ਜਾਣੇ ਚਾਹੀਦੇ ਹਨ। ਸਜਾਵਟ ਦਾ ਮਿਆਰ ਨਿਯਤ ਹੋਣਾ ਚਾਹੀਦਾ ਹੈ ਤਾਂ ਜੋ ਇਹ ਕੋਈ ਮੇਲਾ ਹੀ ਪ੍ਰਤੀਤਾ ਨਾ ਹਵੇ, ਸਗੋਂ ਸ਼ਹਿਨਸ਼ਾਹੀ ਦਰਬਾਰ ਪ੍ਰਤੀਤ ਹਵੇ।

(ੲ) ਦੀਵਾਨ ਸ਼ੁਰੂ ਹੋਣ ਤੋਂ ਪਹਿਲਾਂ ਕੁਝ ਮਿੰਟ ਸੰਗਤਾਂ ਦੇ ਸਜ ਜਾਣ ਲਈ ਨਿਯਤ ਹੋਣੇ ਚਾਹੀਦੇ ਹਨ। ਦੇਰ ਨਾਲ ਆਉਣ ਵਾਲੇ ਸੱਜਣਾਂ ਲਈ ਇਹੋ ਜਿਹਾ ਪ੍ਰਬੰਧ ਹੋਵੇ ਕਿ ਉਹ ਪਹਿਲਾਂ ਆਏ ਸੱਜਣਾਂ ਲਈ ਇਹੋ ਜਿਹਾ ਪ੍ਰਬੰਧ ਹੋਵੇ ਕਿ ਉਹ ਪਹਿਲਾਂ ਆਏ ਸੱਜਣਾਂ ਦੀ ਇਕਸੁਰਤਾ ਭੰਗ ਨਾ ਕਰ ਸਕਣ ਅਤੇ ਦੂਰੋਂ ਹੀ ਨਮਸਕਾਰ ਕਰਕੇ ਪਿਛੇ-ਪਿਛੇ ਬੈਠਦੇ ਜਾਣ। ਜਿਸ ਸੱਜਣ ਦੇ ਨੇੜੇ ਜਾ ਕੇ ਨਮਸਕਾਰ ਕਰਨੀ ਹੋਵੇ ਉਹ ਸਮਾਪਤੀ ਤੋਂ ਬਾਅਦ ਹੀ ਕਰੇ। ਦੀਵਾਨ ਵਿਚ ਬੈਠੇ ਸੱਜਣਾਂ ਨੂੰ ਸਿਵਾਏ ਬੁਲਾਰੇ ਨੂੰ ਸੁਣਨ ਦੇ ਹੋਰ ਕੋਈ ਗੱਲ ਨਹੀਂ ਕਰਨੀ ਚਾਹੀਦੀ। ਤਾਂ ਜੋ ਵਿਖਿਆਨਕਾਰ ਨੂੰ ਬਾਰ-ਬਾਰ 'ਚੁਪ ਦਾ ਦਾਨ' ਬਖਸ਼ਣ ਦੀ ਅਪੀਲ ਨਾ ਕਰਨੀ ਪਏ।

(ਸ) ਗੁਰੂ ਦੀ ਹਜ਼ੂਰੀ ਵਿਚ ਕੋਈ ਮੁਖ ਮਹਿਮਾਨ ਨਹੀਂ ਹੋ ਸਕਦਾ, ਮਹਿਮਾਨ ਦਾ ਦਰਜਾ ਮੇਜ਼ਬਾਨ ਤੋਂ ਉਚਾ ਹੁੰਦਾ ਹੈ। ਪਰ ਗੁਰੂ ਦਰਬਾਰ ਵਿਚ ਮੇਜ਼ਬਾਨ ਕੌਣ ਹੈ? ਗੁਰੂ ਸਾਹਿਬ ਜੀ ਸਾਧ-ਸੰਗਤ। ਸਾਧ-ਸੰਗਤ ਵਿਚ ਕਿਸ ਦਾ ਦਰਜਾ ਉਚਾ-ਨੀਵਾਂ ਨਹੀਂ ਇਸ ਲਈ ਇਸ ਮੰਤਵ ਸਮੇਂ ਮੁਖ ਮਹਿਮਾਨ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਫਿਰ ਕਿਸ ਲੀਡਰ ਦੇ ਆਉਣ ਸਮੇਂ ਖਲਬਲੀ ਕਿਉਂ? ਇਹ ਸਮੱਸਿਆ ਵੀ ਵਿਚਾਰਨ ਵਾਲੀ ਹੈ।

(ਹ) ਲਗਦੀ ਵਾਹੇ ਛੋਟੇ ਬੱਚਿਆਂ ਨੂੰ ਘਰ ਹੀ ਛੱਡ ਕੇ ਆਉਣਾ ਚਾਹੀਦਾ ਹੈ। ਵੱਡੇ ਬੱਚਿਆਂ ਨੂੰ ਦੀਵਾਨ ਵਿਚ ਚੁਪ ਨਾਲ ਬੈਠਣ ਦੀ ਮਹੱਤਤਾ ਤੋਂ ਜਾਣੂ ਕਰਾਉਣਾ ਮਾਪਿਆਂ ਦਾ ਫਰਜ਼ ਹੈ। ਦੀਵਾਨ ਹਾਲ ਤੋਂ ਥੋੜ੍ਹੀ ਦੂਰ, ਜਿਥੇ ਬੱਚਿਆਂ ਦਾ ਸ਼ੋਰ, ਦੀਵਾਨ ਹਾਲ ਵਿਚ ਨਾ ਤੁਰ ਸਕੇ, ਮਨ-ਪਰਚਾਵ ਦੇ ਸਾਧਨ ਹੋਣੇ ਚਾਹੀਦੇ ਹਨ। ਜਿਥੇ

ਵਿਸ਼ੇਸ਼ ਮਾਹਰ ਸੇਵਾਦਾਰ ਬੱਚਿਆਂ ਦੀ ਦੇਖ-ਰੇਖ ਕਰਨ। ਬਹੁਤੇ ਛੋਟੇ ਬੱਚਿਆਂ ਵਾਲੀਆਂ ਬੀਬੀਆਂ ਦੇ ਬੈਠਣ ਦਾ ਅਜਿਹਾ ਪਰਬੰਦ ਹੋਵੇ ਕਿ ਉਹ ਪਰੋਗਰਾਮ ਸੁਣ ਸਕਣ ਪਰ ਬੱਚਿਆਂ ਦਾ ਸ਼ੋਰ ਦੀਵਾਨ ਵਿਚ ਖਲਬਲੀ ਨਾ ਪਾ ਸਕੇ। ਗੈਲਰੀਆਂ ਵਾਲੇ ਦੀਵਾਨ ਹਾਲ ਸਾਊਂਡ ਪਰੂਫ਼ ਕੀਤੇ ਜਾਣ। ਮੋਟੇ ਸ਼ੀਸ਼ੇ ਲਗ ਜਾਣ ਤਾਂ ਗੈਲਰੀ ਵਿਚ ਬੈਠੀਆਂ ਬੀਬੀਆਂ ਦੀਵਾਨ ਪਰੋਗਰਾਮ ਸੁਣ ਸਕਣ ਪਰ ਉਹਨਾਂ ਬੱਚਿਆਂ ਦੀ ਆਵਾਜ਼ ਥੱਲੇ ਤਕ ਨਾ ਜਾ ਸਕੇ।

(ਕ) ਦੀਵਾਨ ਦ ਚਲ ਰਹੇ ਪਰੋਗਰਾਮ, ਵਿਚ ਛਕਣ ਛਕਾਣ ਦਾ ਕੋਈ ਪ੍ਰੋਗਰਾਮ ਸਫ਼ਾਈ ਅਤੇ ਇਕਾਗਰਤਾ ਨੂੰ ਮੁਖ ਰਖਕੇ, ਸਮੂਹਕ ਜਾ ਜਾਤੀ ਤੌਰ ਤੇ ਨਹੀਂ ਹੋਣਾ ਚਾਹੀਦਾ। ਹਾਂ, ਜੇਕਰ ਦੀਵਾਨ ਦੋ-ਢਾਈ ਘੰਟੇ ਤੋਂ ਵਧ ਹੋਵੇ ਤਾਂ ਸਮੇਂ ਅਨੁਸਾਰ, ਇਕ ਜਾਂ ਦੋ ਵਾਰੀ, 15 ਕੁ ਮਿੰਟ ਦਾ ਵਕਫਾ ਖਾਣ-ਪੀਣ ਵਾਸਤੇ ਰਖਿਆ ਜਾ ਸਕਦਾ ਹੈ। ਇਸ 15 ਮਿੰਟ ਦੇ ਵਕਫੇ ਦੌਰਾਨ, ਸ਼ਬਦਾਂ ਦੀਆਂ ਧੁੰਨਾਂ ਚਲਦੀਆਂ ਰਹਿਣ ਤਾਂ ਜੋ ਮਾਹੌਲ, ਸਵੱਛ ਅਤ ਧਾਰਮਕ ਬਣਿਆ ਰਹੇ। ਜੇਕਰ ਸੰਗਤ ਦੀ ਸੰਭਾਵਨਾ ਅਨੁਸਾਰ ਸੇਵਾਦਾਰ ਨੀਯਤ ਹੋਣ ਜਿਹੜੇ ਸੰਗਤ ਨੂੰ ਹਲਚਲ ਕਰਾਏ ਬਗੈਰ ਪੀਣ ਦੀ ਥਾਂ ਤੇ ਪਹੁੰਚਾਣ ਲਈ ਸਹਾਇਤਾ ਕਰਨ ਤਾਂ ਇਹ ਸਮਸਿਆ ਸਹਿਲ ਹੋ ਸਕਦੀ ਹੈ। ਵਕਫ਼ੇ ਦੀ ਸੂਚਨਾ, ਖਾਣ-ਪੀਣ ਦੇ ਸਟਾਲ ਦੀ ਵਾਕਫੀ ਤੋਂ ਸੰਗਤਾਂ ਨੂੰ ਪਹਿਲਾਂ ਜਾਣੂ ਕਰਾਇਆ ਜਾਣਾ ਚਾਹੀਦਾ ਹੈ।

(ਖ) ਕਈ ਵਾਰ ਬੀਬੀਆਂ ਦੀਵਾਨ ਹਾਲ ਵਿਚ ਬੈਠ ਕੇ ਸਵੈਟਰ ਆਦਿ ਉਣਦੀਆਂ ਰਹਿੰਦੀਆਂ ਹਨ. ਇਹ ਵੀ ਵਿਵਰਜਤ ਹੋਣਾ ਚਾਹੀਦਾ ਹੈ।

(ਗ) ਰਾਗੀ ਸਿੰਘਾਂ ਵਲੋਂ ਸ਼ਬਦ-ਭੇਦ ਦੀ ਅਰਦਾਸ ਕਿਸੇ ਵਿਅਕਤੀ ਦੇ ਨਾਂ ਦੀ ਨਹੀਂ ਹੋਣੀ ਚਾਹੀਦੀ ਅਤੇ ਨਾ ਹੀ 'ਖਜ਼ਾਨੇ ਭਰਪੂਰ ਰਹਿਣ' ਦੀ ਅਰਦਾਸ ਹੋਣੀ ਯੋਗ ਹੈ। ਇਸ ਤਰ੍ਹਾਂ ਹਉਮੈਂ ਵਧਦੀ ਹੈ। ਸਗੋਂ ਸਮੂਹ ਸੰਗਤਾਂ ਦੀ ਅਰਦਾਸ ਹੋਣੀ ਹੀ ਹੀ ਉਚਿਤ ਹੈ ਅਤੇ ਸੰਗਤਾਂ ਨੂੰ 'ਨਾਮ-ਦਾਨ ਅਤੇ ਗੁਰਮਤਿ-ਮਾਰਗ ਤੇ ਚਲਣ' ਦੀ ਅਰਦਾਸ ਹੋਣੀ ਚਾਹੀਦੀ ਹੈ।

(ਘ) ਗੁਰੂ ਦਰਬਾਰ ਲਈ ਮਾਇਆ ਅਰਪਨ ਕਰਨ ਵਾਲਿਆਂ ਵਾਸਤੇ ਗੋਲਕ ਬਣੀ ਹੋਣੀ ਚਾਹੀਦੀ ਹੈ। ਗੋਲਕ ਬਣੀ ਹੋਣੀ ਚਾਹੀਦੀ ਹੈ। ਗੋਲਕ ਪ੍ਰਵੇਸ਼ ਦੁਆਰਾ (ਮੇਨ ਗੇਟ) ਤੇ ਮਹਾਰਾਜ ਤੋਂ ਹਟਵੀਂ ਹੋਵੇ ਤਾਂ ਉਚਿਤ ਹੈ। ਕਿਉਂਕਿ ਵਿਵਰਜਤ ਵਸਤੂਆਂ, (ਤਮਾਕੂ, ਸਿਗਰਟ, ਪਾਨ ਆਦਿ) ਦੀ ਛੋਹ ਵਾਲੀ ਮਾਇਆ, ਚਲਦੀ ਫਿਰਦੀ ਗੁਰੂ ਦੀ ਹਜ਼ੂਰੀ ਵਿਚ ਆ ਪੁਜਦੀ ਹੈ। ਮਾਇਆ ਗੋਲਕ ਵਿਚ ਪਾਉਣ ਨਾਲ ਪਵਿਤਰ ਰਮਾਲਿਆ ਨੂੰ ਅਜਿਹੀ ਮਾਇਆ ਦੀ ਛੋਹ ਨਹੀਂ ਲਗ ਸਕੇਗੀ।

(ਙ) 'ਸ੍ਰੀ ਅਨੰਦ ਸਾਹਿਬ' ਦੀ ਮਹੱਤਤਾ ਨੂੰ ਅਸੀਂ ਸਮਝਣ ਦਾ ਯਤਨ ਨਹੀਂ ਕਰਦੇ। ਸਮਾਪਤੀ ਸਮੇਂ 'ਸ੍ਰੀ ਅਨੰਦ ਸਾਹਿਬ' ਏਡੀ ਰਫਤਾਰ ਨਾਲ ਗਾਇਨ ਕੀਤਾ ਜਾਂਦਾ ਹੈ ਜਿਵੇਂ ਅਸੀਂ ਇਹ ਬਾਣੀ ਮਜਬੂਰੀ ਵਿਚ ਪੜ੍ਹ ਰਹੇ ਹੋਈਏ। ਰਾਗੀ ਸਿੰਘਾਂ ਨੂੰ ਸ੍ਰੀ ਅਨੰਦ ਸਾਹਿਬ ਉਸੇ ਤਰ੍ਹਾਂ ਹੀ ਗਾਇਨ ਕਰਨਾ ਚਾਹੀਦਾ ਹੈ, ਜਿਵੇਂ ਕੀਰਤਨ ਕਰ ਰਹੇ ਹੁੰਦੇ ਹਨ। ਸਾਧ-ਸੰਗਤ ਨੂੰ ਬੜੇ ਪਰੇਮ ਸਹਿਤ ਰਾਗੀਆਂ ਨਾਲ ਗਾਇਨ ਕਰਨਾ ਚਾਹੀਦਾ ਹੈ।

(ਚ) ਆਮ ਵੇਖਣ ਵਿਚ ਆਉਂਦਾ ਹੈ ਕਿ ਅਰਦਾਸ ਸਮੇਂ ਸਾਧ ਸੰਗਤ ਉਠਣੀ ਸ਼ੁਰੂ ਹੋ ਜਾਂਦੀ ਹੈ। ਇੰਜ ਨਹੀਂ ਹੋਣਾ ਚਾਹੀਦਾ। ਅਰਦਾਸ, ਭੁੱਲਾਂ, ਬਖਸ਼ਾਉਣ, ਸੁਮਾਰਗ ਤੇ ਚਲਣ ਲਈ ਪ੍ਰਣ ਲੈਣ ਅਤੇ ਬੇਨਤੀ ਦਾ ਸਮਾਂ ਹੁੰਦਾ ਹੈ।

(ਛ) ਕੜਾਹ ਪ੍ਰਸ਼ਾਦਿ ਵਰਤਾਉਣ ਵਾਲੇ ਸੇਵਾਦਾਰ ਸੰਗਤਾਂ ਦੀ ਹਾਜ਼ਰੀ ਅਨੁਸਾਰ ਹੋਣੇ ਚਾਹੀਦੇ ਹਨ। ਜਿਹਨਾਂ ਦੇ ਹੱਥ ਸਾਬਣ ਨਾਲ ਧੋਤੇ ਹੋਣ, ਨਹੁੰ ਕਟੇ ਹੋਏ ਅਤੇ ਮੈਲ-ਰਹਿਤ ਹੋਣੇ ਚਾਹੀਦੇ ਹਨ।

(ਜ) ਸਾਡੀ ਪੁਰਾਣੀ ਪ੍ਰੰਪਰਾ ਅਨੁਸਾਰ ਦੀਵਾਨ ਦੇ ਤਿੰਨ ਭਾਗ ਹੁੰਦੇ ਸਨ। ਕੀਰ-ਤਨ, ਸਾਧ ਸੰਗਤ ਨਾਲ ਜੋਟੀਆਂ ਦੇ ਸ਼ਬਦ ਅਤੇ ਗੁਰ-ਹੁਕਮ ਦਾ ਵਿਚਾਰ। ਪਰ ਹੁਣ ਕੇਵਲ ਇਕ ਭਾਗ ਕੀਰਤਨ ਹੀ ਰਹਿ ਗਿਆ ਹੈ। ਇਸ ਤਰ੍ਹਾਂ ਅਸੀਂ ਆਪਣੀ ਪੁਰਾਤਨ ਅਤੇ ਚੰਗੀ ਪਰੰਪਰਾ ਨੂੰ ਬਦਲ ਰਹੇ ਹਾਂ। ਗੁਰ-ਹੁਕਮ ਦੀ ਵਿਚਾਰ ਭਾਵੇਂ ਥੋੜੇ ਸਮੇਂ ਲਈ ਕੇਵਲ ਇਕ ਸ਼ਬਦ ਦੀ ਹੀ ਹੋ ਸਕੇ, ਜ਼ਰੂਰ ਹੋਣੀ ਚਾਹੀਦੀ ਹੈ।

(ਝ) ਸ਼ਾਸਤਰੀ ਸੰਗੀਤ ਅਤੇ ਗੁਰਮਤਿ ਜੋ ਪੁਰਾਤਨ ਮਰਯਾਦਾ ਅਨੁਸਾਰ ਗਾਇਨ ਕੀਤੀ ਜਾਂਦੀ ਸੀ, ਉਸ ਪ੍ਰਥਾ ਨੂੰ ਕਾਇਮ ਰਖਣਾ ਉਚਿਤ ਹੈ ਅਤੇ ਸਿਨਮਾਂ ਨਾਟਕਾਂ ਦੀਆਂ ਧਾਰਨਾਂ ਨੂੰ ਗੁਰਦਵਾਰਿਆਂ ਵਿਚ ਗਾਇਨ ਕਰਨ ਦੀ ਖੁਲ੍ਹ ਨਹੀਂ ਹੋਣੀ ਚਾਹੀਦੀ। ਬਾਣੀ ਦੇ ਭਾਵ ਅਰਥ ਰਾਗੀ ਸਿੰਘਾਂ ਵਲੋਂ ਸਮੁਚੇ ਹੀ ਪਹਿਲਾਂ ਹੀ ਸੰਗਤ ਦੀ ਗਿਆਤ ਲਈ ਵਿਚਾਰ ਸਹਿਤ ਪੇਸ਼ ਕਰਨੇ ਚਾਹੀਦੇ ਹਨ ਅਤੇ ਔਖੇ ਪਦਾਂ ਦੇ ਅਰਥ ਵੀ ਸੰਗਤ ਨੂੰ ਦਸਣੇ ਜ਼ਰੂਰੀ ਹਨ। ਸ਼ਬਦ ਗਾਇਨ ਕਰਦਿਆਂ ਵਿਚੋਂ ਵਿਸਥਾਰ ਕਰਨ ਨਾਲ ਸ਼ਬਦ ਦਾ ਪ੍ਰੇਮ-ਰਸ ਟੁਟ ਜਾਂਦਾ ਹੈ। ਜਿਥ ਸੁਣਨਾ ਹੋਵੇ ਉਥੇ ਔਖੇ ਪਦਾਂ ਦੇ ਅਰਥਾਂ ਸਣੇ ਸਾਈਕਲੋਸਾਈਲ ਹੋਏ ਗਾਇਨ ਹੋਣ ਵਾਲੇ ਸ਼ਬਦਾਂ ਦੇ ਪੰਨੇ ਸੰਗਤ ਵਿਚ ਵੰਡ ਦੇਣੇ ਚਾਹੀਦੇ ਹਨ।

ਅਸੀਂ ਇਥੋਂ ਦੋ ਹੋਰ ਉਦਾਹਰਣਾਂ ਇਥੇ ਵਰਣਨ ਕਰਨਾ ਉਚਿਤ ਸਮਝਦੇ ਹਾਂ ਜਿਨ੍ਹਾਂ ਦਾ ਸਾਡੇ ਮਨ 'ਤੇ ਅਜ ਤਕ ਡੂੰਘਾ ਪ੍ਰਭਾਵ ਹੈ।

ਅਸੀਂ ਆਪਣੀ ਧਰਮ-ਪਤਨੀ ਸਣੇ ਇਕ ਵੇਰ ਕਲਕਤੇ ਵਿਚ ਰਾਮਾ ਕ੍ਰਿਸ਼ਨਾ ਮੱਠ ਵਿਚ ਗਏ। ਇਸ ਮੱਠ ਦੇ ਅਨੁਯਾਈ ਮੱਠ ਵਿਚ ਬੜੇ ਸ਼ਾਂਤ ਵਾਤਾਵਰਣ ਵਿਚ ਪ੍ਰਭੂ ਧਿਆਨ ਵਿਚ ਬੈਠੇ ਸਨ। ਸਾਨੂੰ ਵੀ ਇਕ ਜਗ੍ਹਾ ਉਤੇ ਬਿਠਾ ਦਿਤਾ ਗਿਆ। ਪੁਜਾਰੀ ਮੂਰਤੀਆਂ ਸਾਹਮਣੇ ਆਰਤੀ ਉਤਾਰ ਰਿਹਾ ਸੀ। ਸੰਗਤ ਖਾਮੋਸ਼ ਬੈਠੀ ਪ੍ਰਭੂ ਚਿੰਤਨ ਵਿਚ ਜੁੜੀ ਸੀ। ਫਿਰ ਰਾਗੀਆਂ ਨੇ ਬੜੇ ਸਾਂਤ ਭਰੇ ਵਾਤਾਵਰਨ ਵਿਚ ਕੀਰਤਨ ਗਾਇਨ ਕਰਨਾ ਸ਼ੁਰੂ ਕੀਤਾ ਅਤੇ ਬਾਕੀ ਸੰਗਤ ਵੀ ਭਜਨ ਨਾਲ ਨਾਲ ਗਾ ਰਹੀ ਸੀ। ਵਾਤਾਵਰਨ ਮਿਸਾਲੀ ਤੌਰ ਤੇ ਸ਼ਾਂਤ ਅਤੇ ਸੁਅੱਛ ਸੀ।

ਇਕ ਹੋਰ ਸੰਸਥਾ ਦਾਦਾ ਚੇਲਾ ਰਾਮ ਜੀ ਦੇ ਨਾਮ ਤੇ ਨਿਰਗੁਣ ਬਾਲਕ ਆਸ਼ਰਮ ਸੋਲਨ ਦੇ ਪਾਸ ਹੈ। ਇਥੋਂ ਦਾ ਮਹੌਲ ਵੀ ਬੜਾ ਸ਼ਾਂਤ ਅਤੇ ਸੁਅੱਛ ਹੁੰਦਾ ਹੈ ਬੜੇ ਮਧੁਰ ਸੁਰ ਅਤੇ ਪਰੇਮ ਨਾਲ ਸ਼ਬਦ ਗਾਇਨ ਕੀਤੇ ਜਾਂਦੇ ਹਨ। ਸ਼ਬਦ ਗਾਇਨ ਸਮੇਂ ਆਈ ਸੰਗਤ ਨੂੰ ਸੇਵਾਦਾਰ ਗੁਟਕੇ ਵਿਚੋਂ ਸ਼ਬਦ ਕਢਕੇ ਦੇਂਦੇ ਹਨ ਤਾਂਕਿ ਸੰਗਤ ਵਿਚ ਆਇਆ ਹਰੇਕ ਵਿਅਕਤੀ ਆਪਣਾ ਧਿਆਨ ਸ਼ਬਦ ਵਿਚ ਜੋੜ ਸਕੇ। ਅਸਾਨੂੰ ਵੀ ਇਸ ਸੰਸਥਾ ਵਿਚ ਜਾਣ ਦਾ ਅਵਸਰ ਮਿਲਿਆ ਅਤੇ ਇਥੋਂ ਦਾ ਸ਼ਾਂਤਮਈ ਮਾਹੌਲ ਦਾ ਅਸਾਡੇ ਮਨ ਤੇ ਡੂੰਘਾ ਅਸਰ ਪਿਆ।

ਬੇਸ਼ਕ ਇਹ ਸੁਝਾਅ ਅੰਤਮ ਨਹੀਂ ਇਕਾਗਰਤਾ ਅਤੇ ਸਵੱਛਤਾ ਨੂੰ ਮੁਖ ਰਖ ਕੇ ਹੋਰ ਸੁਝਾਅ ਵੀ ਹੋ ਸਕਦੇ ਹਨ। ਫਿਰ ਵੀ ਗੁਰਦੁਆਰਾ ਕਮੇਟੀਆਂ, ਸਿੰਘ ਸਭਾਵਾਂ ਦੇ ਵਿਚਾਰਵਾਨ ਅਤੇ ਸਿਖ ਪੰਥ ਦੇ ਵਿਦਵਾਨ ਇਨ੍ਹਾਂ ਤੇ ਵਿਚਾਰ ਕਰਨ ਤਾਂ ਜੋ ਦੀਵਾਨਾਂ ਵਿਚੋਂ ਅਨੁਸ਼ਾਸਨ-ਹੀਣਤਾ ਸਮਾਪਤ ਹੋ ਸਕੇ।

ਬਾਹਰਲੇ ਦੇਸ਼ਾਂ ਵਿਚ ਖਾਸ ਕਰਕੇ ਯੋਰਪ ਤੇ ਅਮਰੀਕਾ ਵਿਚ, ਪੱਛਮੀ ਸਭਿਅਤਾ ਅਨੁਸਾਰ ਸਾਜ਼ ਤੇ ਧੁਨਾਂ ਨੂੰ ਯੋਗਤਾ ਸਹਿਤ ਅਪਨਾਉਣ ਨਾਲ, ਕੀਰਤਨ ਵਧੇਰੇ ਆਕਰਸ਼ਤ ਹੋ ਜਾਂਦਾ ਹੈ। ਇਸ ਤਰਾਂ ਆਉਣ ਵਾਲੀ ਨਵੀਂ ਪਨੀਰੀ ਨੂੰ ਗੁਰਬਾਣੀ ਸੁਣਨ ਲਈ ਵਧੇਰੇ ਪ੍ਰੇਰਨਾ ਮਿਲ ਸਕੇਗੀ।

ਜਿਹੜੇ ਸਜਣ ਸਾਡੇ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਉਣੀ ਚਾਹੁੰਣ ਉਨ੍ਹਾਂ ਦੇ ਵਿਚਾਰਾਂ ਨੂੰ ਅਸੀਂ ਜੀ ਆਇਆਂ ਕਹਵਾਂਗੇ।

# ਤੁਹਾਡੇ ਪੱਤਰ

'ਅੰਮ੍ਰਿਤ ਕੀਰਤਨ' ਗੁਰਮਤ ਵਿਸ਼ੇਸ਼ ਅੰਕ ਨੇ ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ ਦੇ ਪ੍ਰਵੇਸ਼ਕਾ ਭਾਗ ॥ (ਸੰਗੀਤ) ਦੀ ਪ੍ਰੀਖਿਆ ਵਿਚ ਕਾਫ਼ੀ ਮਦਦ ਕੀਤੀ। ਬੱਚਿਆਂ ਨੂੰ ਚੌਂਕੀ-ਪਰੰਪਰਾ ਅਤੇ ਹੋਰ ਕਈ ਸੰਗੀਤ ਤਕਨੀਕਾਂ ਦਾ ਪਤਾ ਚੱਲਿਆ। ਬਹੁਤ ਬਹੁਤ ਧੰਨਵਾਦ।

ਹਰਬੰਸ ਸਿੰਘ, ਆਲਮ ਬਾਗ ਲਖਨਊ

'ਅੰਮ੍ਰਿਤ ਕੀਰਤਨ' ਇਕ ਸਾਰਥਕ ਮੈਗਜ਼ੀਨ ਹੈ। ਲਾਈਫ ਮੈਂਬਰ ਬਣਨ ਲਈ ਮਾਇਆ ਭੇਜ ਰਿਹਾ ਹਾਂ।

ਡਾ. ਐਮ. ਪੀ. ਸਿੰਘ ਕੌਂਸਲਪੁਰੀ ਕਾਨਪੁਰ

ਰਸਾਲਾ ਅੰਮ੍ਰਿਤ ਕੀਰਤਨ ਵਿਚੋਂ ਖੋਜ ਭਰਪੂਰ ਲੇਖ, ਰਾਗੀ ਸਾਹਿਬਾਂ, ਵਿਦਵਾਨਾਂ ਅਤੇ ਗੁਰਮਤਿ ਸੰਗੀਤ ਬਾਰੇ ਉਚ ਦਰਜੇ ਦੀ ਜਾਣਕਾਰੀ ਮਿਲਦੀ ਹੈ। ਪਰਮਾਤਮਾ ਕਰੇ 'ਅੰਮ੍ਰਿਤ ਕੀਰਤਨ' ਹਰ ਘਰ ਅਤੇ ਲਾਇਬ੍ਰੇਰੀਆਂ ਦਾ ਸ਼ਿੰਗਾਰ ਬਣੇ ਅਤੇ ਦਿਨ ਦੁਗਣੀ ਅਤੇ ਰਾਤ ਚੌਂਗਣੀ ਤਰੱਕੀ ਕਰੇ।

ਨਾਇਬ ਸੂਬੇਦਾਰ ਬਲਦੇਵ ਸਿੰਘ ਐਮ. ਏ.
ਮਾਰਫਤ 56 ਏ. ਪੀ. ਓ.

# ਦਿਲਬਾਗ ਸਿੰਘ ਗੁਲਬਾਗ ਸਿੰਘ ਦੀ ਕਲਾਸਿਕੀ ਮਹਿਫਲ

—ਗੁਰਮੀਤ ਸਿੰਘ

**ਕੋਟਕਪੂਰਾ :** ਇਸ ਸ਼ਹਿਰ ਵਿਚ ਨਵੀਂ ਹੋਂਦ 'ਚ ਆਈ ਇਕ ਸੰਸਥਾ 'ਹੈਰੀਟੇਜ' ਨੇ ਆਪਣੀ ਪਹਿਲੀ ਹੀ ਪੇਸ਼ਕਸ਼ ਨਾਲ ਇਲਾਕੇ ਨੂੰ ਮੰਤਰ-ਮੁਗਧ ਕਰ ਦਿੱਤਾ। ਪਿਛਲੇ ਦਿਨੀਂ ਨਗਰ ਪ੍ਰੀਸ਼ਦ ਦੇ ਮੀਟਿੰਗ ਹਾਲ ਵਿਚ ਪਟਿਆਲਾ ਘਰਾਣੇ ਦੇ ਨਾਮਵਰ ਗਾਇਕ ਕਲਾਕਾਰਾਂ ਸ੍ਰੀ ਦਿਲਬਾਗ ਸਿੰਘ, ਗੁਲਬਾਗ ਸਿੰਘ, ਦੀ ਜੋੜੀ ਸ੍ਰੀ ਦਵਿੰਦਰ ਸਿੰਘ ਤਬਲਾਵਾਦਕ ਅਤੇ ਸ੍ਰੀ ਇਕਬਾਲ ਸਿੰਘ ਤੇ ਸ੍ਰੀ ਬਲਦੇਵ ਸਿੰਘ ਦਾ ਇਕ ਸੰਖੇਪ ਪੇਸ਼ ਪ੍ਰੋਗਰਾਮ ਕੀਤਾ ਗਿਆ।

ਮੀਟਿੰਗ ਹਾਲ ਨੂੰ ਪ੍ਰਸਿੱਧ ਕਲਾਸੀਕਲ ਗਾਇਕਾਂ, ਬੰਸਰੀ ਵਾਦਕਾਂ, ਤਬਲਾ ਵਾਦਕਾਂ ਅਤੇ ਹੋਰ ਕਲਾਕਾਰਾਂ ਦੀਆਂ ਤਸਵੀਰਾਂ, ਫੁਲਕਾਰੀਆਂ ਅਤੇ ਫੁੱਲਾਂ ਨਾਲ ਸੁਹਜਾਤਮਕ ਢੰਗ ਨਾਲ ਸਜਾ ਕੇ ਪਹਿਲਾਂ ਇਕ ਵਿਸ਼ੇਸ਼ ਮਾਹੌਲ ਸਿਰਜ ਲਿਆ ਗਿਆ ਸੀ ਤੇ ਪ੍ਰਸਿੱਧ ਬੰਸਰੀਵਾਦਕ ਹਰੀ ਪ੍ਰਸ਼ਾਦ ਚੌਰਸੀਆ ਦੀ ਬੰਸਰੀ ਦੀ ਕੈਸੇਟ ਦੀਆਂ ਹਲਕੀਆਂ ਹਲਕੀਆਂ ਧੁਨਾਂ ਨੇ ਸੋਨੇ 'ਤੇ ਸੁਹਾਗੇ ਦਾ ਕੰਮ ਕੀਤਾ। ਕੋਟਕਪੂਰਾ, ਫਰੀਦਕੋਟ ਅਤੇ ਆਲੇ-ਦੁਆਲੇ ਦੇ ਸੰਗੀਤ ਰਸੀਏ, ਬੁੱਧੀਜੀਵੀ ਦੁੱਧ-ਚਿੱਟ ਗੱਦਿਆਂ 'ਤੇ ਬੈਠ ਗਏ। ਇਸ ਰਾਗਾਤਮਿਕ ਮਹਿਫਲ ਦੇ ਮੁੱਖ ਮਹਿਮਾਨ ਸਨ ਪੰਜਾਬੀ ਦੇ ਨਾਵਲਕਾਰ ਗੁਰਦਿਆਲ ਸਿੰਘ।

ਕਲਾਕਾਰਾਂ ਮਹਿਮਾਨਾਂ ਦੇ ਹਾਲ ਵਿਚ ਪ੍ਰਵੇਸ਼ ਦੇ ਨਾਲ ਹੀ ਮਹਿਫਲ ਦਾ ਆਰੰਭ ਹੋਇਆ। ਪ੍ਰੋ. ਬ੍ਰਹਮ ਜਗਦੀਸ਼ ਸਿੰਘ ਦੇ ਮਾਹੌਲ ਢੁਕਵੇਂ ਸ਼ਬਦਾਂ ਨਾਲ ਕਲਾਕਾਰਾਂ ਦੀ ਸਰੋਤਿਆਂ ਨਾਲ ਸੰਖੇਪ ਜਾਣ-ਪਛਾਣ ਕਰਾ ਕੇ ਨੌਜਵਾਨ ਗਾਇਕ ਸ੍ਰੀ ਦੇਵਿੰਦਰ ਸਿੰਘ ਨੂੰ ਮਹਿਫਲ ਦਾ ਆਗਾਜ਼ ਕਰਨ ਦਾ ਸੱਦਾ ਦਿੱਤਾ। ਦੇਵਿੰਦਰ ਸਿੰਘ ਨੇ ਰਾਗ ਪੂਰਬੀ ਵਿਚ ਬੰਦਸ਼ 'ਮੰਗੋ ਸਭ ਸੁਖ ਦੀਓ ਦਾਤਾ' ਪੇਸ਼ ਕੀਤੀ। ਏਨੀ ਖੂਬਸੂਰਤ ਇਹ ਪੇਸ਼ਕਸ਼ ਸੀ ਕਿ ਜ਼ਾਹਰਾ ਤੌਰ 'ਤੇ ਰੀਸੋ-ਰੀਸੀ ਆਏ ਸਰੋਤੇ ਵੀ ਪ੍ਰੋਗਰਾਮ ਦਾ ਸਿਖਰ ਵੇਖਣ ਲਈ ਨਿੱਠ ਕੇ ਬੈਠ ਗਏ। ਰਾਗਾਂ ਦੀ ਸਰਗਰਮੀ ਬੰਦਸ਼ ਤੋਂ ਅਣਜਾਣ ਸਰੋਤੇ ਆਵਾਜ਼ਾਂ ਦੀ ਮਿਠਾਸ ਤੇ ਅੰਦਾਜ਼ ਦੀ ਖੂਬਸੂਰਤੀ ਨਾਲ ਕੀਲੇ ਗਏ।

ਸ੍ਰੀ ਬਲਦੇਵ ਸਿੰਘ ਨੇ ਇਕੱਲਿਆਂ ਤਬਲਾ ਵਜਾ ਕੇ ਆਪਣੇ ਫ਼ਨ ਦਾ ਮੁਜ਼ਾਹਰਾ ਕੀਤਾ, ਜਿਸ ਨੂੰ ਮਿਲੀ ਤਾੜੀਆਂ ਦੀ ਦਾਦ ਸਰੋਤਿਆਂ ਦੀ ਪਸੰਦੀਦਗੀ ਦਾ ਪ੍ਰਖਤਾ ਇਜ਼ਹਾਰ ਸੀ ਸੀ। ਹਾਜ਼ਰੀਨ ਦੀ ਫਰਮਾਇਸ਼ 'ਤੇ ਦੇਵਿੰਦਰ ਸਿੰਘ ਨੇ ਠੁਮਰੀ ਸੁਣਾਈ, ''ਆਨ ਮਿਲੋ ਇਕ ਬਾਰ'' ਜਿਸ ਮਹਿਫਲ ਪੂਰੀ ਤਰ੍ਹਾਂ ਆਪਣੀ ਸਿਖਰ ਨਾਲ ਇਕ-ਸੁਰ ਹੋ ਗਈ।

ਮਹਿਫਲ ਦਾ ਸਿਖਰ ਸੀ ਉਸਤਾਦ ਕਲਾਕਾਰ ਜੋੜੀ ਦਿਲਬਾਗ ਸਿੰਘ, ਗੁਲਬਾਗ-ਸਿੰਘ। ਉਨ੍ਹਾਂ ਰਾਗ ਦਰਬਾਰੀ ਵਿਚ ਰਚਨਾ ਸੁਣਾਈ, "ਮੁਬਾਰਕਬਾਦੀਆਂ, ਸ਼ਾਦੀਆਂ ਅੱਲਾ ਰਸੂਲ ਦੀਨੀ।" ਇਸੇ ਰਾਗ ਵਿਚ ਜਦ ਉਨ੍ਹਾਂ ਛੋਟਾ ਖਿਆਲ, "ਤੇਰੇ ਮਿਲਨ ਕੀ ਗਰਜ ਪਰੀ" ਪੂਰਾ ਕੀਤਾ ਤਾਂ ਹਾਲ ਤਾੜੀਆਂ ਨਾਲ ਗੂੰਜ ਉਠਿਆ।

ਫਿਰ ਉਨ੍ਹਾਂ ਰਾਗ ਰਾਗੇਸ਼ਵਰੀ ਵਿਚ ਬੰਦਿਸ਼, "ਸਾਧ ਸੁਰਨ ਤਿਨਕਾ" ਗਾਈ ਤੇ ਫਿਰ ਛੋਟਾ ਖਿਆਲ "ਚੈਨ ਢੂੰਡੇ ਜੋਗੀ" ਅਤੇ ਭਗਤ ਨਾਮਦੇਵ ਦੀ ਰਚਨਾ "ਧਨ ਧਨ ਤੂ ਮਾਤਾ ਦੇਵਕੀ" ਦਾ ਗਾਇਨ ਕੀਤਾ। ਦੋ ਘੰਟੇ ਬੀਤ ਜਾਣ 'ਤੇ ਵੀ ਸਰੋਤਿਆਂ ਦੀ ਤ੍ਰਿਪਤੀ ਨਹੀਂ ਸੀ ਹੋਈ ਤੇ ਉਨ੍ਹਾਂ ਦੀ ਇਕ ਹੋਰ ਪੇਸ਼ਕਾਰੀ ਦੀ ਫਰਮਾਇਸ਼ 'ਤੇ ਕਲਾਕਾਰ ਜੋੜੀ ਨੇ ਭਗਤ ਨਾਮਦੇਵ ਜੀ ਦੀ ਹੀ ਇਕ ਹੋਰ ਰਚਨਾ, "ਹਲੇ ਯਾਰਾ ਹਲੇ ਯਾਰਾ ਖੁਸਖਬਰੀ" ਪੇਸ਼ ਕੀਤੀ।

ਇਸ ਪਾਕ-ਪਵਿੱਤਰ ਮਹਿਫਲ ਦਾ ਸਮੁੱਚਾ ਪ੍ਰਭਾਵ ਪ੍ਰਗਟ ਕਰਦਿਆਂ ਸ਼ਬਦਾਂ ਦੇ ਧਨੀ, ਨਾਵਲਕਾਰ ਗੁਰਦਿਆਲ ਸਿੰਘ ਨੇ ਕਿਹਾ ਕਿ 'ਰਾਗਾਂ ਦੀ ਪੇਸ਼ਕਾਰੀ ਸਮੇਂ ਸ੍ਰੀ ਦਿਲਬਾਗ ਸਿੰਘ, ਗੁਲਬਾਗ ਸਿੰਘ ਖੁਦ ਰਾਗ ਦਾ ਰੂਪ ਬਣ ਗਏ, ਅਜਿਹੇ ਮਹਾਨ ਕਲਾ-ਕਾਰਾਂ ਅੱਗੇ ਮੈਂ ਨਤ-ਮਸਤਕ ਹਾਂ। ਅਸੀਂ ਇਨ੍ਹਾਂ ਦੀ ਚਹੁੰ ਪਲਾਂ ਦੀ ਸੰਗਤ ਨਾਲ ਕਈ ਸਾਲ ਜਿਊਣ ਜੋਗੇ ਹੋ ਗਏ ਹਾਂ।"

"ਹੈਰੀਟੇਜ" ਦੇ ਬਾਨੀ ਪ੍ਰਧਾਨ ਪ੍ਰੋ. ਸੁਭਾਸ਼ ਪਰਿਹਾਰ ਨੇ ਕਲਾਕਾਰਾਂ ਅਤੇ ਸਰੋਤਿਆਂ ਦਾ ਚੋਣਵੇਂ ਸ਼ਬਦਾਂ ਨਾਲ ਧੰਨਵਾਦ ਕੀਤਾ ਤੇ ਚਿਰਾਂ ਤਕ ਯਾਦ ਰਹਿਣ ਵਾਲੀ ਇਹ ਕਾਲਤਮਕ ਬੈਠਕ ਸਮਾਪਤ ਹੋਈ।

# ਨੌਵੇਂ ਪਿਤਾ ਦੀ ਸ਼ਹਾਦਤ ਦਾ ਮੰਜ਼ਰ

-ਹਰਜ਼ਾਪ ਸਿੰਘ ਨਿਊਜਰਸੀ ਅਮਰੀਕਾ

ਇਹ ਲਾਸ਼ ਕੈਸੀ ਏ ਖੁਰਸ਼ੀਦ ਦਾ ਪਰਚਮ ਪਹਿਨੇ
ਧਰਮ ਦੀ ਲਾਜ ਹੈ ਮਈਅਤ ਦਾ ਮੁਜੱਸਮ ਪਹਿਨੇ
ਦੀਨ ਨਹੀਂ ਫ਼ੈਲਦੇ ਸ਼ਮਸ਼ੀਰ ਏ ਜਹੱਨਮ ਪਹਿਨੇ
ਹਰ ਇਕ ਕਤਰਾ ਏ ਮੁਕੱਦਸ ਰਕਤ ਗੁਰੂ ਦੀ ਦਾ
ਹੋਇਆ ਏ ਖ਼ੂਨ ਅੱਲ੍ਹਾ ਦੇ ਧਰਮ ਦੇ ਰਾਹੀ ਦਾ
ਕਦੀ ਇਹ ਖ਼ਤਮ ਹੋਵੇਗਾ ਸਿਤਮ ਇਹ ਮੁਫ਼ਤੀ ਦਾ
ਅਜੀਬ ਸ਼ੋਰ ਹੈ ਜੋ ਬੇਆਵਾਜ਼ ਹੁੰਦਾ ਹੈ
ਹੈ ਚੌਂਕ ਚਾਂਦਨੀ ਸਾਖੀ ਜ਼ੁਲਮ ਜੋ ਵੇਂਹਦਾ ਹੈ
ਕੁਫ਼ਰ ਦੀ ਬਦਗੁਮਾਨੀ ਵਿਚ ਸ਼ਹਿਨਸ਼ਾਹ ਰਹਿੰਦਾ ਹੈ
ਕਿਲ੍ਹਾ ਇਹ ਲਾਲ ਵੀ ਹੈ ਸ਼ਰਮਸਾਰ ਰੋਂਦਾ ਪਿਆ
ਜਬਰ ਮਜ਼ਲੂਮਾਂ ਤੇ ਨਿੱਤ ਮਹਾਂਬਲੀ ਦਾ ਹੁੰਦਾ ਪਿਆ
ਅਜੀਬ ਆਸਮਾਂ ਖ਼ਮੋਸ ਕਹਿਰ ਸਹਿੰਦਾ ਪਿਆ
ਕਿਸੇ ਤੂਫ਼ਾਨ ਦੇ ਪਿੱਛੋਂ ਵਰਤਦੀ ਖ਼ਾਮੋਸ਼ੀ
ਕਿਸੇ ਵੀ ਰੱਬ ਦੇ ਬੰਦੇ ਤੇ ਤਸ਼ੱਦਦ ਕੈਸੀ
ਮੂਹਾਂ ਤੇ ਛਿੱਕੂ ਪਾਏ ਦੀ ਹੈ ਸਭ ਨੂੰ ਨਾਮੋਸ਼ੀ
ਦਰੋ ਦੀਵਾਰ ਭਾਰਤ ਦੇ ਕਿਉਂ ਐਵੇਂ ਲਰਜ਼ ਉੱਠੇ
ਇਹ ਠੇਕੇਦਾਰ ਸੁੱਨਤ ਦੇ ਕਿਉਂ ਐਵੇਂ ਤ੍ਰਭ੍ਰਕ ਉੱਠੇ
ਇੰਤਹਾਂ ਪਾਪ ਦੀ ਤੱਕਕੇ ਨਾ ਦੁਨੀਆਂ ਭੜਕ ਉੱਠੇ
ਇਹ ਹੈ ਆਗਾਜ ਸੱਤਿਗੁਰ ਦੇ ਵਸੇਬੇ ਸੁਰਗਾਂ ਦਾ
ਚਾਹੋ ਤਾਂ ਸੱਚਖੰਡ ਆਖੋ ਉਹ ਦਰ ਹੈ ਨਾਨਕ ਦਾ
ਦਿਸ਼ਾ ਚਾਰਾਂ ਚ ਫ਼ੈਲੇਗਾ ਧਰਮ ਇਨਸਾਨੀਅਤ ਦਾ
ਮਿਟਾਏ ਬਾਲ ਗੋਬਿੰਦ ਹੀ ਸ਼ਿਰਾਜ਼ਾ ਵਹਿਸ਼ੀਅਤ ਦਾ
ਹੋਇਆ ਫਿਰ ਨਾਸ ਪਾਪਾਂ ਦਾ ਮਿਟਾਇਆ ਨਾਮ ਜ਼ੁਲਮਾਂ ਦਾ
ਹੈ ਉੱਠਿਆ ਮਰਦ ਕਾਮਿਲ ਇਕ ਚਲਾਇਆ ਪੰਥ ਅਦਲਾਂ ਦਾ